Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 241 | Monday, December 14, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਸੋਸ਼ਲ ਸਰਵਿਸਿਜ਼ ਰਲੀਫ ਫੰਡ ਦੇ ਰੂਪ ਵਿੱਚ ਪੀਲ ਰੀਜਨ ਨੂੰ ਹਾਸਲ ਹੋਣਗੇ 5,669,000 ਡਾਲਰ : ਨੀਨਾ ਟਾਂਗਰੀ

ਮਿਸੀਸਾਗਾ, 13 ਦਸੰਬਰ (ਪੋਸਟ ਬਿਊਰੋ) : ਮਿਸੀਸਾਗਾ-ਸਟਰੀਟਸਵਿਲ ਤੋਂ ਐਮਪੀਪੀ ਨੀਨਾ ਟਾਂਗਰੀ ਵੱਲੋਂ ਕੱਲ੍ਹ ਇਹ ਐਲਾਨ ਕੀਤਾ ਗਿਆ ਕਿ ਸੋਸ਼ਲ ਸਰਵਿਸਿਜ਼ ਰਲੀਫ ਫੰਡ ਦੇ ਰੂਪ ਵਿੱਚ ਪੀਲ ਰੀਜਨ ਨੂੰ ਵਾਧੂ 5,669,000 ਡਾਲਰ ਹਾਸਲ ਹੋਣਗੇ।



ਇਸ ਫੰਡ ਨੂੰ ਅਹਿਮ ਸੇਵਾਵਾਂ ਦੀ ਡਲਿਵਰੀ, ਹੋਮਲੈੱਸ ਸ਼ੈਲਟਰ ਸਟਾਫ ਤੇ ਰੈਜ਼ੀਡੈਂਟਸ ਦੀ ਹਿਫਾਜ਼ਤ, ਸ਼ੈਲਟਰ ਫਸਿਲਿਟੀਜ਼ ਦੀ ਮੁਰੰਮਤ ਕਰਵਾਉਣ ਤੇ ਉਨ੍ਹਾਂ ਨੂੰ ਖਰੀਦਣ, ਹਾਊਸਿੰਗ ਸਬੰਧੀ ਲੰਮੇਂ ਹੱਲ ਲੱਭਣ, ਭਵਿੱਖ ਵਿੱਚ ਹੋਣ ਵਾਲੀਆਂ ਆਊਟਬ੍ਰੇਕਸ ਜਾਂ ਐਮਰਜੰਸੀਜ਼ ਲਈ ਤਿਆਰੀ ਕਰਨ ਲਈ ਖਰਚਿਆ ਜਾ ਸਕੇਗਾ। ਐਮਪੀਪੀ ਟਾਂਗਰੀ ਨੇ ਆਖਿਆ ਕਿ ਸਾਡੀ ਸਰਕਾਰ ਕਮਜ਼ੋਰ ਨਾਗਰਿਕਾਂ ਨੂੰ ਸੁਰੱਖਿਅਤ ਰੱਖਣ ਲਈ ਹੋਰ ਫੰਡਿੰਗ ਮੁਹੱਈਆ ਕਰਵਾ ਕੇ ਕੋਵਿਡ-19 ਨਾਲ ਜੁੜੀਆਂ ਲੋੜਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਕੋਵਿਡ-19 ਨੇ ਘਰ ਦੀ ਅਹਿਮੀਅਤ ਇੱਕ ਵਾਰੀ ਮੁੜ ਉਜਾਗਰ ਕਰ ਦਿੱਤੀ ਹੈ ਤੇ ਇਸ ਵਾਧੂ ਫੰਡਿੰਗ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਕੋਈ ਆਪਣੇ ਸਿਰ ਉੱਤੇ ਸੇਫ ਤੇ ਸੁਰੱਖਿਅਤ ਛੱਤ ਹਾਸਲ ਕਰਨ ਵਿੱਚ ਕਾਮਯਾਬ ਹੋ ਸਕੇ।

ਓਨਟਾਰੀਓ ਸਰਕਾਰ ਵੱਲੋਂ ਪ੍ਰੋਵਿੰਸ ਭਰ ਵਿੱਚ ਮਿਊਂਸਪੈਲਿਟੀਜ਼ ਤੇ ਮੂਲਵਾਸੀ ਕਮਿਊਨਿਟੀਜ਼ ਲਈ 120 ਮਿਲੀਅਨ ਡਾਲਰ ਵਾਧੂ ਨਿਰਧਾਰਤ ਕੀਤੇ ਜਾਣਗੇ ਤਾਂ ਕਿ ਉਹ ਕੋਵਿਡ-19 ਮਹਾਂਮਾਰੀ ਦੌਰਾਨ ਕਮਜ਼ੋਰ ਲੋਕਾਂ ਦੀ ਮਦਦ ਕਰ ਸਕਣ। ਇਸ ਦੌਰਾਨ ਮਿਊਂਸਪਲ ਅਫੇਅਰਜ਼ ਤੇ ਹਾਊਸਿੰਗ ਸਬੰਧੀ ਮੰਤਰੀ ਸਟੀਵ ਕਲਾਰਕ ਨੇ ਆਖਿਆ ਕਿ ਸਾਡੀ ਸਰਕਾਰ ਮਹਾਂਮਾਰੀ ਦੌਰਾਨ ਸਾਡੇ ਮਿਊਂਸਪਲ ਤੇ ਮੂਲਵਾਸੀ ਭਾਈਵਾਲਾਂ ਲਈ ਅਹਿਮ ਨਿਵੇਸ਼ ਕਰਨਾ ਜਾਰੀ ਰੱਖੇਗੀ। ਪਬਲਿਕ ਹੈਲਥ ਸਬੰਧੀ ਹਾਲਾਤ ਸੁਧਰਨ ਨਾਲ ਅਸੀਂ ਹੋਰ ਸਹਿਯੋਗ ਮੁਹੱਈਆ ਕਰਵਾ ਰਹੇ ਹਾਂ ਤਾਂ ਕਿ ਸਾਡੇ ਭਾਈਵਾਲ ਉਨ੍ਹਾਂ ਦੀ ਮਦਦ ਕਰ ਸਕਣ ਜਿਨ੍ਹਾਂ ਨੂੰ ਇਸ ਦੀ ਸੱਭ ਤੋਂ ਜ਼ਿਆਦਾ ਲੋੜ ਹੈ।

ਰੀਜਨਲ ਮਿਊਂਸਪੈਲਿਟੀ ਆਫ ਪੀਲ ਦੇ ਰੀਜਨਲ ਚੇਅਰ ਤੇ ਸੀਈਓ ਨੈਂਡੋ ਲਾਨਿਕਾ ਨੇ ਆਖਿਆ ਕਿ ਕੋਵਿਡ-19 ਸਬੰਧੀ ਕੰਮ ਕਰਨਾ ਤੇ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਸਾਰੀ ਕਮਿਊਨਿਟੀ ਨੂੰ ਰਲ ਕੇ ਕੰਮ ਕਰਨਾ ਹੋਵੇਗਾ। ਜਿਸ ਤੋਂ ਭਾਵ ਇਹ ਹੈ ਕਿ ਸਾਨੂੰ ਉਨ੍ਹਾਂ ਕਮਜ਼ੋਰ ਲੋਕਾਂ ਦੀ ਮਦਦ ਲਈ ਹਮੇਸ਼ਾਂ ਤਿਆਰ ਰਹਿਣਾ ਹੋਵੇਗਾ ਜਿਨ੍ਹਾਂ ਉੱਤੇ ਸਿਹਤ, ਸਮਾਜਕ ਤੇ ਆਰਥਿਕ ਮਾਮਲਿਆਂ ਦਾ ਸੱਭ ਤੋਂ ਜ਼ਿਆਦਾ ਅਸਰ ਪੈਂਦਾ ਹੈ।

ਜਦੋਂ ਤੋਂ ਮਹਾਂਮਾਰੀ ਸ਼ੁਰੂ ਹੋਈ ਹੈ, ਪ੍ਰੋਵਿੰਸ ਨੇ ਸਮੇਂ ਸਿਰ ਤੇ ਬੇਹੱਦ ਕੀਮਤੀ ਸਹਿਯੋਗ ਮੁਹੱਈਆ ਕਰਵਾਇਆ ਹੈ, ਜਿਸ ਕਾਰਨ ਮਨੁੱਖੀ ਲੋੜਾਂ ਪੂਰੀਆਂ ਕਰਨ ਵਿੱਚ ਪੀਲ ਨੂੰ ਕਾਫੀ ਮਦਦ ਮਿਲੀ ਹੈ।

ਕੱਲ੍ਹ ਵਾਲਾ ਐਲਾਨ ਸੋਸ਼ਲ ਸਰਵਿਸਿਜ਼ ਰਲੀਫ ਫੰਡ ਰਾਹੀਂ ਸਰਕਾਰ ਵੱਲੋਂ ਨਿਵੇਸ਼ ਕੀਤੇ ਗਏ 510 ਮਿਲੀਅਨ ਡਾਲਰ ਦਾ ਹੀ ਹਿੱਸਾ ਹੈ। ਇਸ ਨਾਲ ਪ੍ਰੋਵਿੰਸ ਭਰ ਵਿੱਚ ਕਮਜ਼ੋਰ ਲੋਕਾਂ ਦੀ ਸਿਹਤ ਤੇ ਸੇਫਟੀ ਦੀ ਰਾਖੀ ਲਈ ਕੰਮ ਕੀਤਾ ਜਾ ਰਿਹਾ ਹੈ।

## ਸਕਾਰਬੌਰੋ ਦੇ ਪਲਾਜ਼ਾ ਵਿੱਚ ਚੱਲੀ ਗੋਲੀ, 2 ਜ਼ਖ਼ਮੀ

ਸਕਾਰਬੌਰੋ, 13 ਦਸੰਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਰਾਤ ਨੂੰ ਸਕਾਰਬੌਰੋ ਵਿੱਚ ਵਾਪਰੇ ਇੱਕ ਗੋਲੀਕਾਂਡ ਤੋਂ ਬਾਅਦ ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।




ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਮਾਰਖਮ ਰੋਡ ਤੇ ਗ੍ਰੀਨ ਸੇਡਾਰ ਕੋਰਟ ਇਲਾਕੇ ਵਿੱਚ ਰਾਤੀਂ 11:30 ਵਜੇ ਇੱਕ ਪਲਾਜ਼ਾ ਦੇ ਪਾਰਕਿੰਗ ਲੌਟ ਵਿੱਚ ਇੱਕ ਵਿਅਕਤੀ ਨੂੰ ਗੋਲੀ ਲੱਗਣ ਤੋਂ ਬਾਅਦ ਸੱਦਿਆ ਗਿਆ। ਟੋਰਾਂਟੋ ਪੈਰਾਮੈਡਿਕ ਸਰਵਿਸਿਜ਼ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇੱਕ ਟੀਨੇਜ ਲੜਕੇ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇੱਕ ਹੋਰ ਵਿਅਕਤੀ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਤਿੰਨ ਹੋਰ ਵਿਅਕਤੀਆਂ ਨੂੰ ਵੀ ਮਾਮੂਲੀ ਸੱਟਾਂ ਲੱਗਣ ਤੋਂ ਬਾਅਦ ਮੌਕੇ ਉੱਤੇ ਹੀ ਉਨ੍ਹਾਂ ਦਾ ਇਲਾਜ ਕਰ ਦਿੱਤਾ ਗਿਆ।

ਪੁਲਿਸ ਨੇ ਦੱਸਿਆ ਕਿ ਚਾਰ ਮਸ਼ਕੂਕਾਂ ਨੂੰ ਇਲਾਕੇ ਵਿੱਚੋਂ ਨੀਲੇ ਰੰਗ ਦੀ ਕੀਆ ਫੋਰਟ ਵਿੱਚ ਭੱਜਦਿਆਂ ਵੇਖਿਆ ਗਿਆ। ਗੱਡੀ ਨੂੰ ਆਖਰੀ ਵਾਰੀ ਮਾਰਖਮ ਰੋਡ ਉੱਤੇ ਦੱਖਣ ਵੱਲ ਜਾਂਦਿਆਂ ਵੇਖਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਮਸ਼ਕੂਕ ਨੇ ਹਰੇ ਰੰਗ ਦੀ ਜੈਕੇਟ ਪਾਈ ਹੋਈ ਸੀ, ਜਿਸ ਦੇ ਹੁੱਡ ਉੱਤੇ ਫਰ ਸੀ। ਜਾਂਚਕਾਰਾਂ ਦਾ ਕਹਿਣਾ ਹੈ ਕਿ ਇਹ ਗੋਲੀਕਾਂਡ ਉਸ ਸਮੇਂ ਵਾਪਰਿਆ ਜਦੋਂ ਦੋ ਗੱਡੀਆਂ ਆਪਸ ਵਿੱਚ ਟਕਰਾ ਗਈਆਂ। ਇੱਕ ਗੱਡੀ ਉੱਤੇ ਕਈ ਗੋਲੀਆਂ ਦੇ ਨਿਸ਼ਾਨ ਪਾਏ ਗਏ।

## ਲੰਡਨ ਵਿੱਚ ਬਿਲਡਿੰਗ ਡਿੱਗੀ, 2 ਹਲਾਕ, 4 ਜ਼ਖ਼ਮੀ



ਲੰਡਨ, ਓਨਟਾਰੀਓ, 13 ਦਸੰਬਰ (ਪੋਸਟ ਬਿਊਰੋ) : ਲੰਡਨ, ਓਨਟਾਰੀਓ ਵਿੱਚ ਅੰਸ਼ਕ ਤੌਰ ਉੱਤੇ ਢਹਿ ਢੇਰੀ ਹੋਈ ਬਿਲਡਿੰਗ ਦੇ ਮਲਬੇ ਵਿੱਚੋਂ ਵਰਕਰਜ਼ ਨੂੰ ਇੱਕ ਹੋਰ ਵਿਅਕਤੀ ਦੀ ਲਾਸ਼ ਮਿਲੀ। ਇਹ ਖੁਲਾਸਾ ਸਿਟੀ ਦੇ ਅਧਿਕਾਰੀਆਂ ਵੱਲੋਂ ਕੀਤਾ ਗਿਆ। ਇਸ ਹਾਦਸੇ ਵਿੱਚ ਇੱਕ ਨਵਜੰਮੇਂ ਬੱਚੇ ਦੇ ਪਿਤਾ ਦੀ ਵੀ ਮੌਤ ਹੋ ਗਈ।

ਇੱਕ ਰਲੀਜ਼ ਵਿੱਚ ਦੱਸਿਆ ਗਿਆ ਕਿ ਇੱਕ ਵਿਅਕਤੀ ਦੀ ਲਾਸ਼ ਸ਼ਨਿੱਚਰਵਾਰ ਨੂੰ ਅੱਧੀ ਰਾਤ ਤੋਂ ਪਹਿਲਾਂ ਮਿਲੀ। ਇਸ ਹਾਦਸੇ ਵਿੱਚ ਚਾਰ ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਇਸ ਇਮਾਰਤ ਦੇ ਹੋਰ ਡਿੱਗਣ ਦਾ ਖਦਸ਼ਾ ਵੀ ਪ੍ਰਗਟਾਇਆ ਗਿਆ ਹੈ। ਸਿਟੀ ਦਾ ਕਹਿਣਾ ਹੈ ਕਿ ਰਿਕਵਰੀ ਦੀਆਂ ਕੋਸ਼ਿਸ਼ਾਂ ਇਸ ਲਈ ਮੱਠੀਆਂ ਪੈ ਗਈਆਂ ਕਿਉਂਕਿ ਬਿਲਡਿੰਗ ਡਿੱਗਣ ਵਾਲੀ ਸੀ ਤੇ ਬਿਲਕੁਲ ਵੀ ਸੁਰੱਖਿਅਤ ਨਹੀਂ ਸੀ। ਜਿਨ੍ਹਾਂ ਹਸਪਤਾਲਾਂ ਵਿੱਚ ਜ਼ਖ਼ਮੀ ਵਿਅਕਤੀਆਂ ਨੂੰ ਲਿਜਾਇਆ ਗਿਆ ਹੈ ਉਨ੍ਹਾਂ ਨੇ ਪ੍ਰਾਈਵੇਸੀ ਕਾਰਨਾਂ ਕਰਕੇ ਕਿਸੇ ਵੀ ਜ਼ਖ਼ਮੀ ਵਿਅਕਤੀ ਦਾ ਨਾਂ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਹਾਦਸੇ ਵਿੱਚ ਮਾਰੇ ਗਏ ਇੱਕ ਵਿਅਕਤੀ ਦੇ ਪਰਿਵਾਰ ਲਈ ਫੰਡਰੇਜ਼ਿੰਗ ਕਰ ਰਹੇ ਇੱਕ ਦੋਸਤ ਨੇ ਮ੍ਰਿਤਕ ਦੀ ਪਛਾਣ ਹੈਨਰੀ ਹਾਰਡਰ ਵਜੋਂ ਕੀਤੀ, ਜਿਸ ਦਾ ਵਿਆਹ 15 ਮਹੀਨੇ ਪਹਿਲਾਂ ਹੋਇਆ ਸੀ ਤੇ ਉਹ ਤਿੰਨ ਹਫਤੇ ਦੇ ਬੱਚੇ ਦਾ ਪਿਤਾ ਵੀ ਸੀ।

...ਬਾਕੀ ਪੰਨਾ 3 'ਤੇ

## ਕੋਵਿਡ-19 ਕਾਰਨ ਜਨਵਰੀ ਦੇ ਸ਼ੁਰੂ ਤੱਕ ਬੰਦ ਰਹਿਣਗੇ ਟੀ ਡੀ ਐਸ ਬੀ ਦੇ 7 ਸਕੂਲ

ਟੋਰਾਂਟੋ, 13 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਕੋਵਿਡ-19 ਆਊਟਬ੍ਰੇਕਸ ਕਾਰਨ ਜਨਵਰੀ ਦੇ ਸ਼ੁਰੂ ਵਿੱਚ ਸੱਤ ਸਕੂਲ ਬੰਦ ਰਹਿਣਗੇ। ਇਨ੍ਹਾਂ ਵਿੱਚ ਈਸਟ ਯੌਰਕ ਦੇ ਦੋ ਸਕੂਲ ਵੀ ਸ਼ਾਮਲ ਹਨ ਜਿਨ੍ਹਾਂ ਨੇ ਸੋਮਵਾਰ ਤੋਂ ਇਨ-ਕਲਾਸ ਲਰਨਿੰਗ ਸ਼ੁਰੂ ਕਰਨੀ ਸੀ।




ਐਤਵਾਰ ਦੁਪਹਿਰ ਨੂੰ ਕੀਤੇ ਗਏ ਟਵੀਟ ਅਨੁਸਾਰ ਟੀ ਡੀ ਐਸ ਬੀ ਨੇ ਦੱਸਿਆ ਕਿ ਟੋਰਾਂਟੋ ਪਬਲਿਕ ਹੈਲਥ ਦੀ ਸਲਾਹ ਉੱਤੇ ਸਿਟੀ ਐਡਲਟ ਲਰਨਿੰਗ ਸੈਂਟਰ, ਹਿਊਮਵੁੱਡ ਕਮਿਊਨਿਟੀ ਸਕੂਲ, ਆਰ ਐਚ ਮੈਕਗ੍ਰੇਗਰ ਐਲੀਮੈਂਟਰੀ ਸਕੂਲ, ਡੇਵਿਡ ਲੁਈਸ ਪਬਲਿਕ ਸਕੂਲ ਤੇ ਗ੍ਰੇਨੋਬਲ ਪਬਲਿਕ ਸਕੂਲ 4 ਜਨਵਰੀ ਤੱਕ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਬੰਦ ਰਹਿਣਗੇ। ਟੀ ਡੀ ਐਸ ਬੀ ਦੀ ਕੋਵਿਡ-19 ਐਡਵਾਈਜ਼ਰੀਜ਼ ਵੈੱਬਸਾਈਟ ਅਨੁਸਾਰ ਇਨ੍ਹਾਂ ਪੰਜ ਸਕੂਲਾਂ ਵਿੱਚ ਕੋਵਿਡ-19 ਦੇ 24 ਮਾਮਲੇ ਪਾਏ ਗਏ ਹਨ, ਜਿਨ੍ਹਾਂ ਵਿੱਚ 21 ਵਿਦਿਆਰਥੀ ਹਨ।

...ਬਾਕੀ ਪੰਨਾ 3 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Clergycrest Drive, Unit # 6 Brampton, ON, L6P 3W4 Open Saturday
Providing excellent quality legal services to our clients

ALL KINDS OF IMMIGRATION SERVICES
iccrc crcic
416-278-4449
World Gateway Immigration Company since 2010
Get PR, if you are on
- Work permit (LMIA based)
- Open work permit
- Religious work permit
- Visitor in Canada
ZORA KAINTH
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance | ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਨਾਈਜੀਰੀਆ ਵਿੱਚ ਸਕੂਲ ਉੱਤੇ ਬੰਦੂਕਧਾਰੀਆਂ ਨੇ ਕੀਤਾ ਹਮਲਾ, ਸੈਂਕੜੇ ਵਿਦਿਆਰਥੀ ਲਾਪਤਾ








ਲਾਗੋਸ, ਨਾਈਜੀਰੀਆ, 13 ਦਸੰਬਰ (ਪੋਸਟ ਬਿਊਰੋ) : ਦੇਸ਼ ਦੇ ਉੱਤਰਪੱਛਮੀ ਕੈਟਸੀਨਾ ਸਟੇਟ ਵਿੱਚ ਇੱਕ ਸੈਕੰਡਰੀ ਸਕੂਲ ਉੱਤੇ ਬੰਦੂਕਧਾਰੀਆਂ ਵੱਲੋਂ ਹਮਲਾ ਕੀਤੇ ਜਾਣ ਤੋਂ ਬਾਅਦ ਸੈਂਕੜੇ ਨਾਈਜੀਰੀਅਨ ਵਿਦਿਆਰਥੀ ਲਾਪਤਾ ਹਨ।

ਕੰਕਾਰਾ ਵਿੱਚ ਸਰਕਾਰੀ ਸਾਇੰਸ ਸੈਕੰਡਰੀ ਸਕੂਲ ਉੱਤੇ ਸ਼ੁੱਕਰਵਾਰ ਨੂੰ ਬੰਦੂਕਧਾਰੀਆਂ ਦੇ ਵੱਡੇ ਗਰੁੱਪ ਨੇ ਹਮਲਾ ਬੋਲ ਦਿੱਤਾ। ਇਨ੍ਹਾਂ ਬੰਦੂਕਧਾਰੀਆਂ ਨੇ ਏ ਕੇ 47 ਰਾਈਫਲਾਂ ਨਾਲ ਹਮਲਾ ਕੀਤਾ। ਕੈਟਸੀਨਾ ਸਟੇਟ ਪੁਲਿਸ ਦੇ ਬੁਲਾਰੇ ਗੰਬੋ ਇਸਾਹ ਨੇ ਇੱਕ ਬਿਆਨ ਜਾਰੀ ਕਰਕੇ ਦੱਸਿਆ ਕਿ ਪੁਲਿਸ ਵੱਲੋਂ ਜਵਾਬੀ ਕਾਰਵਾਈ ਕੀਤੀ ਗਈ ਤੇ ਇਸ ਦੌਰਾਨ ਕੁੱਝ ਵਿਦਿਆਰਥੀ ਸਕੂਲ ਦੀ ਫੈਂਸ ਟੱਪ ਕੇ ਖੁਦ ਨੂੰ ਬਚਾਉਣ ਲਈ ਬਾਹਰ ਭੱਜ ਗਏ।

ਇਸਾਹ ਨੇ ਦੱਸਿਆ ਕਿ ਹਮਲੇ ਤੋਂ ਬਾਅਦ 400 ਵਿਦਿਆਰਥੀ ਲਾਪਤਾ ਹਨ ਜਦਕਿ 200 ਵਿਦਿਆਰਥੀ ਸਕੂਲ ਵਿੱਚ ਹੀ ਮਿਲ ਗਏ। ਇੱਕ ਅੰਦਾਜ਼ੇ ਮੁਤਾਬਕ ਇਸ ਸਕੂਲ ਵਿੱਚ 600 ਤੋਂ ਜ਼ਿਆਦਾ ਵਿਦਿਆਰਥੀ ਸਨ। ਉਨ੍ਹਾਂ ਆਖਿਆ ਕਿ ਪੁਲਿਸ, ਨਾਈਜੀਰੀਆਈ ਫੌਜ ਤੇ ਨਾਈਜੀਰੀਆਈ ਏਅਰ ਫੋਰਸ ਲਾਪਤਾ ਹੋਏ ਜਾਂ ਕਿਡਨੈਪ ਕੀਤੇ ਗਏ ਵਿਦਿਆਰਥੀਆਂ ਦਾ ਅਸਲ ਅੰਕੜਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਰਾਸ਼ਟਰਪਤੀ ਦੇ ਬੁਲਾਰੇ ਗਾਰਬੂ ਸੇਹੂ ਵੱਲੋਂ ਜਾਰੀ ਇੱਕ ਬਿਆਨ ਅਨੁਸਾਰ ਰਾਸ਼ਟਰਪਤੀ ਮੁਹੰਮਦੂ ਬੁਹਾਰੀ ਨੇ ਆਖਿਆ ਕਿ ਫੌਜ ਨੇ ਏਅਰਪਾਵਰ ਦੀ ਮਦਦ ਨਾਲ ਬੰਦੂਕਧਾਰੀਆਂ ਦੇ ਕੰਕਾਰਾ ਇਲਾਕੇ ਵਿੱਚ ਜਾਂਗੋ-ਪਾਓਲਾ ਜੰਗਲ ਵਿਚਲੇ ਟਿਕਾਣੇ ਦਾ ਪਤਾ ਲਾ ਲਿਆ ਹੈ ਤੇ ਉੱਥੇ ਪੁਲਿਸ ਤੇ ਬੰਦੂਕਧਾਰੀਆਂ ਦਰਮਿਆਨ ਮੁਕਾਬਲਾ ਜਾਰੀ ਹੈ। ਇਸ ਬਿਆਨ ਵਿੱਚ ਇਹ ਨਹੀ ਦੱਸਿਆ ਗਿਆ ਕਿ ਕਿਸੇ ਵਿਦਿਆਰਥੀ ਨੂੰ ਬਚਾਅ ਲਿਆ ਗਿਆ ਹੈ ਜਾਂ ਨਹੀਂ।

# ਮਿਰੈਕਲ ਆਨ ਮੇਨ ਸ਼ੌਪਿੰਗ ਸਪਰੀਅ ਕੈਨੇਡੀਅਨ ਟਾਇਰ ’ਤੇ ਕਰਵਾਉਣ ਦੀਆਂ ਤਿਆਰੀਆਂ ਜ਼ੋਰਾਂ ਉੱਤੇ



ਮਿਲਟਨ, 13 ਦਸੰਬਰ (ਪੋਸਟ ਬਿਊਰੋ) : ਸਾਲ ਦਾ ਉਹ ਸਮਾਂ ਆ ਚੁੱਕਿਆ ਹੈ ਜਦੋਂ ਪਰਿਵਾਰ ਬਿਹਤਰੀਨ ਤੁਹਫਿਆਂ, ਕੁਕੀਜ਼ ਬੇਕ ਕਰਨ ਤੇ ਕ੍ਰਿਸਮਸ ਟਰੀ ਦੀ ਸਜਾਵਟ ਬਾਰੇ ਸੋਚਣ ਲੱਗਦੇ ਹਨ।

ਪਰ ਹਾਲਟਨ ਵਿੱਚ ਰਹਿ ਰਹੇ ਕਈ ਪਰਿਵਾਰ ਆਪਣੇ ਬੱਚਿਆਂ ਨੂੰ ਕ੍ਰਿਸਮਸ ਦੀਆਂ ਇਹ ਖੁਸ਼ੀਆਂ ਮੁਹੱਈਆ ਕਰਵਾਉਣ ਵਿੱਚ ਅਸਮਰੱਥ ਹਨ। ਇੱਥੋਂ ਤੱਕ ਕਿ ਆਪਣੇ ਬੱਚਿਆਂ ਲਈ ਇੱਕ ਤੁਹਫਾ ਖਰੀਦਣਾ ਵੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ। ਇਸ ਸਾਲ ਇਹ ਲੋੜ ਹੋਰ ਵੀ ਜ਼ਿਆਦਾ ਮਹਿਸੂਸ ਹੋਵੇਗੀ ਕਿਉਂਕਿ ਮਹਾਂਮਾਰੀ ਨੇ ਕਈ ਹੋਰਨਾਂ ਪਰਿਵਾਰਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਪਰ ਟਾਈਗਰ ਜੀਤ ਸਿੰਘ ਫਾਊਂਡੇਸ਼ਨ (ਟੀ ਜੇ ਐਸ ਐਫ) ਤੇ ਹਾਲਟਨ ਰੀਜਨਲ ਪੁਲਿਸ ਸਰਵਿਸਿਜ਼ ( ਐਚ ਆਰ ਪੀ ਐਸ) ਕੋਵਿਡ ਨੂੰ ਤਿਓਹਾਰਾਂ ਦਾ ਇਹ ਮਾਹੌਲ ਖਰਾਬ ਨਹੀਂ ਕਰਨ ਦੇਣਗੇ। ਇਸ ਲਈ ਖਿਡੌਣਿਆਂ ਲਈ ਮਿਰੈਕਲ ਆਨ ਮੇਨ ਸ਼ੌਪਿੰਗ ਸਪਰੀਅ ਕੈਨੇਡੀਅਨ ਟਾਇਰ ਉੱਤੇ ਕਰਵਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਟਾਈਗਰ ਜੀਤ ਸਿੰਘ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਟਾਈਗਰ ਜੀਤ ਸਿੰਘ ਜੂਨੀਅਰ ਨੇ ਆਖਿਆ ਕਿ ਸਟੋਰ ਦੀ ਮੈਨੇਜਮੈਂਟ ਦੇ ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ ਕਿਉਂਕਿ ਇਸ ਨਾਲ ਕ੍ਰਿਸਮਸ ਵਰਗੇ ਮੌਕੇ ਉੱਤੇ ਬੱਚਿਆਂ ਦੇ ਚਿਹਰਿਆਂ ਉੱਤੇ ਮੁਸਕਾਨ ਵੇਖਣ ਲਈ ਕੀਤੀਆਂ ਜਾਣ ਵਾਲੀਆਂ ਸਾਡੀਆਂ ਕੋਸ਼ਿਸ਼ਾਂ ਨੂੰ ਬੂਰ ਪਵੇਗਾ। ਮਿਰੈਕਲ ਆਨ ਮੇਨ ਇੱਕ ਸਾਲਾਨਾ ਟੌਏ ਡਰਾਈਵ ਚੈਰਿਟੀ ਈਵੈਂਟ ਹੈ ਜੋ ਕਿ ਇਹ ਸੁਨੇਹਾ ਵੀ ਦਿੰਦਾ ਹੈ ਕਿ ਬਿਮਾਰੀ ਤੇ ਗਰੀਬੀ ਫਰਕ ਨਹੀਂ ਕਰਦੀਆਂ;ਤੇ ਨਾ ਹੀ ਦੇਣ ਦੇ ਜਜ਼ਬਾਤਾਂ ਨੂੰ ਕਰਨਾ ਚਾਹੀਦਾ ਹੈ। ਇਸ ਸਾਲ ਕੋਵਿਡ ਕਾਰਨ 12ਵੀਂ ਸਾਲਾਨਾ ਮਿਰੈਕਲ ਆਨ ਮੇਨ ਵੱਲੋਂ ਆਨਲਾਈਨ ਡੋਨੇਸ਼ਨਜ਼ ਹਾਸਲ ਕੀਤੀਆਂ ਜਾ ਰਹੀਆਂ ਹਨ ਤੇ ਇਸ ਦੌਰਾਨ ਹਾਸਲ ਹੋਣ ਵਾਲੇ ਹਰਕੇ ਡਾਲਰ ਨਾਲ ਖਿਡੌਣੇ ਖਰੀਦੇ ਜਾਣਗੇ। ਇਸ ਲਈ ਡੋਨੇਸ਼ਨ ਦੇਣ ਵਾਸਤੇ ਤੇ ਖਿਡੌਣੇ ਡੋਨੇਟ ਕਰਨ ਲਈ ਥਾਂਵਾਂ ਦਾ ਪਤਾ ਲਾਉਣ ਲਈ www.MiracleOnMain.cato ਉੱਤੇ ਵਿਜ਼ਿਟ ਕਰੋ।

# ਲੰਡਨ ਵਿੱਚ ਬਿਲਡਿੰਗ ਡਿੱਗੀ, 2 ਹਲਾਕ, 4 ਜ਼ਖ਼ਮੀ

...ਪੰਨਾ 1 ਦਾ ਬਾਕੀ

ਹਾਰਡਰ ਦੇ ਇਸ ਦੋਸਤ ਪੀਟ ਫਰੇਜ਼ਨ ਨੇ ਰਿਸ਼ਤੇਦਾਰਾਂ ਲਈ 25,000 ਡਾਲਰ ਇੱਕਠੇ ਕਰਨ ਦਾ ਟੀਚਾ ਮਿਥਿਆ ਹੈ। ਇਸ ਬਿਲਡਿੰਗ ਦੇ ਢਹਿਣ ਦਾ ਕਾਰਨ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਜਾਂਚਕਾਰ ਮਾਮਲੇ ਦੀ ਜਾਂਚ ਕਰ ਰਹੇ ਹਨ। ਇੱਕ ਵਿਅਕਤੀ ਦੀ ਮੌਤ ਤਾਂ ਬਿਲਡਿੰਗ ਡਿੱਗਣ ਤੋਂ ਤੁਰੰਤ ਬਾਅਦ ਹੀ ਹੋ ਗਈ ਪਰ ਇੱਕ ਹੋਰ ਵਿਅਕਤੀ ਦੀ ਮਲਬੇ ਵਿੱਚ ਲਾਸ਼ ਹੋਣ ਦਾ ਪਤਾ ਰੈਸਕਿਊ ਟੀਮ ਨੂੰ ਕਾਫੀ ਘੰਟਿਆਂ ਬਾਅਦ ਲੱਗਿਆ। ਲੰਡਨ ਹੈਲਥ ਸਾਇੰਸਿਜ਼ ਸੈਂਟਰ ਨੇ ਆਖਿਆ ਕਿ ਜ਼ਖ਼ਮੀਆਂ ਵਿੱਚੋਂ ਵੀ ਦੋ ਦੀ ਹਾਲਤ ਨਾਜ਼ੁਕ ਹੈ ਤੇ ਦੋ ਹੋਰਨਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

# ਕੋਵਿਡ-19 ਕਾਰਨ ਜਨਵਰੀ ਦੇ ਸ਼ੁਰੂ ਤੱਕ ਬੰਦ ਰਹਿਣਗੇ ਟੀ ਡੀ ਐਸ ਬੀ ਦੇ 7 ਸਕੂਲ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਦੋ ਹੋਰ ਈਸਟ ਯੌਰਕ ਸਕੂਲ, ਥੌਰਨਕਲਿੱਫ ਪਾਰਕ ਪਬਲਿਕ ਸਕੂਲ ਤੇ ਫਰੇਜ਼ਰ ਮਸਟਰਡ ਅਰਲੀ ਲਰਨਿੰਗ ਅਕੈਡਮੀ, ਜੋ ਕਿ ਸੋਮਵਾਰ ਨੂੰ ਖੁੱਲ੍ਹਣ ਜਾ ਰਹੇ ਸਨ, ਕ੍ਰਿਸਮਸ ਦੀਆਂ ਛੁੱਟੀਆਂ ਤੋਂ ਬਾਅਦ ਵੀ ਬੰਦ ਰਹਿਣ-ਗੇ।

ਇਹ ਛੁੱਟੀਆਂ 21 ਦਸੰਬਰ ਨੂੰ ਸ਼ੁਰੂ ਹੋਣ ਜਾ ਰਹੀਆਂ ਹਨ। ਬੋਰਡ ਦਾ ਕਹਿਣਾ ਹੈ ਕਿ ਇਸ ਨਾਲ ਸਕੂਲਾਂ ਵਿੱਚ ਕੋਵਿਡ ਦੇ ਮਾਮਲਿਆਂ ਦੀ ਜਾਂਚ ਲਈ ਪਬਲਿਕ ਸਿਹਤ ਅਧਿਕਾਰੀਆਂ ਨੂੰ ਹੋਰ ਸਮਾਂ ਮਿਲ ਜਾਵੇਗਾ। ਇਸ ਦੌਰਾਨ ਮਾਰਕ ਗਾਰਨਿਊ ਕਾਲਜੀਏਟ ਇੰਸਟੀਚਿਊਟ ਵੀ ਕ੍ਰਿਸਮਸ ਬ੍ਰੇਕ ਤੋਂ ਬਾਅਦ ਬੰਦ ਰਹੇਗਾ। ਇੱਥੋਂ ਦੇ 14 ਵਿਦਿਆਰਥੀ ਕੋਵਿਡ-19 ਪਾਜ਼ੀਟਿਵ ਪਾਏ ਗਏ ਸਨ। ਨੌਰਥ ਯੌਰਕ ਦੇ ਇਸ ਸਕੂਲ ਵਿੱਚ ਕਰਵਾਈ ਗਈ ਏਸਿੰਪਟੋਮੈਟਿਕ ਟੈਸਟਿੰਗ ਤੋਂ ਬਾਅਦ ਇਹ ਅੰਕੜਾ 18 ਤੱਕ ਵੱਧ ਗਿਆ। ਸ਼ੁੱਕਰਵਾਰ ਨੂੰ ਟੀ ਡੀ ਐਸ ਬੀ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲਾਂ ਵਿੱਚ 444 ਵਿਦਿਆਰਥੀ ਕਰੋਨਾਵਾਇਰਸ ਪਾਜ਼ੀਟਿਵ ਪਾਏ ਜਾ ਚੁੱਕੇ ਹਨ ਤੇ 88 ਸਟਾਫ ਮੈਂਬਰ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ।

# ਘਟ ਰਹੀ ਜੀ ਡੀ ਪੀ ਅਤੇ ਤਨਖਾਹ ਅਤੇ ਵੱਧ ਰਿਹਾ ਕੰਪਨੀਆਂ ਦਾ ਮੁਨਾਫਾ

ਮੁੰਬਈ, 13 ਦਸੰਬਰ (ਪੋਸਟ ਬਿਊਰੋ)- ਕੁੱਲ ਘਰੇਲੂ ਉਤਪਾਦਨ (ਜੀ ਡੀ ਪੀ) ਵਿੱਚ ਕਮੀ ਦੇ ਬਾਵਜੂਦ ਸਤੰਬਰ ਦੀ ਤਿਮਾਹੀ ਵਿੱਚ ਕੰਪਨੀਆਂ ਦੇ ਮੁਨਾਫੇ 'ਚ 25 ਫੀਸਦੀ ਦੇ ਜ਼ੋਰਦਾਰ ਵਾਧੇ ਦਾ ਕਾਰਨ ਤਨਖਾਹ ਵਿੱਚ ਕਮੀ ਆਉਣਾ ਹੈ। ਇਸ ਨਾਲਭਾਰਤ ਵਿੱਚ ਅਸਮਾਨਤਾ ਵਧੇਗੀ।

ਇਹ ਗੱਲ ਮਸ਼ਹੂਰ ਅਰਥਸ਼ਾਸਤਰੀ ਨੌਰੀਏਲ ਰੋਬਿਨੀ ਨੇ ਕੱਲ੍ਹ ਕਹੀ ਹੈ।ਨਿਊ ਯਾਰਕ ਦੇ ਸਟਰਨ ਸਕੂਲ ਆਫ ਬਿਜ਼ਨਸ ਵਿੱਚ ਅਰਥਸ਼ਾਸਤਰ ਦੇ ਪ੍ਰੋਫੈਸਰ ਰੋਬਿਨੀ ਨੇ ਕਿਹਾ ਕਿ ਇਸ ਤਰ੍ਹਾਂ ਦੀ ਵਧਦੀ ਅਸਮਾਨਤਾ ਰਾਜਨੀਤਕ ਅਤੇ ਸਮਾਜਕ ਪੱਖ ਤੋਂ ਖਤਰਨਾਕ ਹੈ ਕਿਉਂਕਿ ਇਸ ਨਾਲ ਅਰਥਵਿਵਸਥਾ ਵਿੱਚ ਸਿਰਫ ਕੁਝ ਲੋਕਾਂ ਨੂੰ ਲਾਭ ਹੋਵੇਗਾ। ਰੋਬਿਨੀ ਨੇ ਕਿਹਾ ਕਿ ਸਤੰਬਰ ਤਿਮਾਹੀ ਵਿੱਚ ਸੂਚੀਬੱਧ ਕੰਪਨੀਆਂ ਦੀ ਆਮਦਨ ਵਿੱਚ 25 ਫੀਸਦੀ ਵਾਧਾ ਹੋਇਆ ਹੈ। ਇਸ ਦਾ ਅਰਥ ਹੈ ਕਿ ਤਨਖਾਹ ਅਤੇ ਆਮਦਨ ਜੇ ਪੂਰੀ ਤਰ੍ਹਾਂ ਭੁਰੇ ਨਹੀਂ ਹੋਏ ਹਨ ਤਾਂ ਇਨ੍ਹਾਂ 'ਚ ਕਮੀ ਜਰੂਰ ਆਈ ਹੈ। ਇਸ ਨੂੰ ਦਬਾਇਆ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮਹਿੰਗਾਈ ਨੇ ਰਿਜ਼ਰਵ ਬੈਂਕ ਦੇ ਹੱਥ ਬੰਨ੍ਹ ਦਿੱਤੇ ਹਨ। ਉਨ੍ਹਾਂ ਨੇ ਪ੍ਰਭਾਵਤ ਲੋਕਾਂ ਦੀ ਮਦਦ ਲਈ ਵਿੱਤੀ ਨੀਤੀ ਦੇ ਮੋਰਚੇ 'ਤੇ ਮਜ਼ਬੂਤ ਕਦਮ ਉਠਾਏ ਜਾਣ ਦੀ ਵਕਾਲਤ ਕੀਤੀ।

ਵਰਨਣ ਯੋਗ ਹੈ ਕਿ ਦੋ ਫੀਸਦੀ ਘੱਟ-ਵੱਧ ਨਾਲ ਮਹਿੰਗਾਈ ਚਾਰ ਫੀਸਦੀ 'ਤੇ ਕੰਟਰੋਲ ਕਰਨ ਦਾ ਟੀਚਾ ਦਿੱਤਾ ਗਿਆ ਹੈ। ਇਸ ਸਮੇਂ ਮਹਿੰਗਾਈ ਦਰ ਛੇ ਫੀਸਦੀ ਤੋਂ ਵੱਧ ਹੈ। ਅਜਿਹੀ ਸਥਿਤੀ ਵਿੱਚ ਰਿਜ਼ਰਵ ਬੈਂਕ ਪਿਛਲੀਆਂ ਤਿੰਨ ਕਰੰਸੀ ਸਮੀਖਿਆ ਨਾਲ ਯੋਜਨਾਬੱਧ ਦਰਾਂ ਨੂੰ ਸਥਿਰ ਰੱਖਣ 'ਤੇ ਮਜਬੂਰ ਹੈ। ਮਹਿੰਗਾਈ ਨਰਮ ਹੋਣ 'ਤੇ ਰਿਜ਼ਰਵ ਬੈਂਕ ਦਰਾਂ ਘਟਾ ਸਕਦਾ ਸੀ, ਜਿਸ ਨਾਲ ਕਰਜ਼ਾ ਸਸਤਾ ਹੁੰਦਾ ਅਤੇ ਮੰਗ ਵਧਦੀ ਹੈ।ਰੋਬਿਨੀ ਨੇ ਇਹ ਵੀ ਕਿਹਾ ਕਿ ਭਾਰਤ ਨੂੰ ਇਸ ਸਥਿਤੀ ਵਿੱਚ ਆਰਥਿਕ ਵਾਧੇ ਨੂੰ ਉਤਸ਼ਾਹ ਦੇਣ ਲਈ ਭਾਰਤ ਨੂੰ ਮੁਢਲੇ ਢਾਂਚੇ ਵਿੱਚ ਖਰਚ ਵਧਾਉਣਾ ਚਾਹੀਦਾ ਹੈ, ਪਰ ਉਸ ਨੂੰ ਬੈਂਕਾਂ ਤੋਂ ਇਸ ਦੀ ਫੰਡਿੰਗ 'ਤੇ ਨਿਰਭਰਤਾ ਨੂੰ ਘੱਟ ਕਰਨਾ ਚਾਹੀਦਾ ਹੈ, ਜਿਵੇਂ ਉਸ ਨੇ ਕੀਤਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਨੂੰ ਸਾਮਾਨ ਮੰਗਣ ਲਈ ਨਵੇਂ ਹਿੱਸੇਦਾਰਾਂ ਦੀ ਭਾਲ ਕਰਨੀ ਚਾਹੀਦੀ ਹੈ।

# ਕਿਸਾਨ ਅੰਦੋਲਨ ਦੀ ਚਿੰਤਾ ਦੌਰਾਨ ਭਾਜਪਾ ਨੇ ਪੰਜਾਬ ਦੇ 4 ਨੇਤਾ ਅਚਾਨਕ ਦਿੱਲੀ ਸੱਦੇ

## * ਭਾਜਪਾ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਵੱਲੋਂ ਅਸਤੀਫ਼ਾ



ਚੰਡੀਗੜ੍ਹ, 13 ਦਸੰਬਰ, (ਪੋਸਟ ਬਿਊਰੋ)- ਖੇਤੀ ਕਾਨੂੰਨਾਂ ਦੇ ਵਿਰੁੱਧ ਕਿਸਾਨਾਂ ਦੇ ਸੰਘਰਸ਼ ਦੌਰਾਨ ਭਾਜਪਾ ਲੀਡਰਸ਼ਿਪ ਨੇ ਅਚਾਨਕ ਪੰਜਾਬ ਦੇ ਚਾਰ ਭਾਜਪਾ ਨੇਤਾ ਦਿੱਲੀ ਸੱਦ ਲਏ ਹਨ। ਜੰਮੂ ਤੋਂਮੁੜਦੇ ਸਾਰ ਪੰਜਾਬ ਦੀ ਭਾਜਪਾ ਦੇ ਇੰਚਾਰਜ ਦੁਸ਼ਯੰਤ ਗੌਤਮ ਨੇ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਸੰਗਠਨ ਜਨਰਲ ਸੈਕਟਰੀ ਦਿਨੇਸ਼ ਕੁਮਾਰ, ਪੰਜਾਬ ਦੇ ਜਨਰਲ ਸੈਕਟਰੀ ਸੁਭਾਸ਼ ਸ਼ਰਮਾ ਅਤੇ ਜੀਵਨ ਗੁਪਤਾ ਨੂੰ ਦਿੱਲੀ ਆਉਣ ਨੂੰ ਕਹਿ ਦਿੱਤਾ ਹੈ।

ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਦਿਨੇਸ਼ ਕੁਮਾਰ ਪਹਿਲਾਂ ਹੀ ਦਿੱਲੀ ਵਿਚ ਸਨ ਅਤੇ ਬਾਕੀ ਤਿੰਨੇ ਨੇਤਾ ਦਿੱਲੀ ਵਿਚ ਕਿਸਾਨ ਅੰਦੋਲਨ ਦੇ ਕਾਰਨ ਸੜਕੀ ਰਸਤੇ ਦੀ ਥਾਂ ਫਲਾਈਟ ਫੜ ਕੇ ਦਿੱਲੀ ਪਹੁੰਚ ਗਏ ਹਨ।ਇਨ੍ਹਾਂ ਨੇਤਾਵਾਂ ਨਾਲ ਦੁਸ਼ਯੰਤ ਗੌਤਮ ਦੀ ਬੈਠਕ ਦਾ ਏਜੰਡਾ ਸਪੱਸ਼ਟ ਨਹੀਂ, ਪਰ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਕਿਸਾਨ ਨੇਤਾਵਾਂ ਵਲੋਂ ਦਿੱਲੀ ਬਾਰਡਰ ਉੱਤੇਕੀਤੀ ਘੇਰਾਬੰਦੀ ਬਾਰੇ ਖਾਸ ਚਰਚਾ ਕੀਤੀ ਜਾਵੇਗੀ। ਸਰਕਾਰ ਵਲੋਂ ਖੇਤੀਬਾੜੀ ਕਾਨੂੰਨਾਂ ਦੇ ਮਸਲੇ ਉੱਤੇਗੱਲਬਾਤ ਦੌਰਾਨ ਆਪਣੇ ਕਦਮ ਕੁਝ ਪਿੱਛੇ ਖਿੱਚਣ ਤੇ ਕੁਝ ਝੁਕਣ ਦੇ ਬਾਵਜੂਦ ਕਿਸਾਨਾਂ ਵਲੋਂ ਮੰਗਾਂ ਉੱਤੇ ਅੜੇ ਰਹਿਣ ਨਾਲ ਭਾਜਪਾ ਲੀਡਰਸ਼ਿਪ ਦੀ ਬਹੁਤ ਬੇਚੈਨੀ ਵਧ ਰਹੀ ਹੈ। ਇਸ ਤੋਂਇਲਾਵਾ ਫਰਵਰੀ ਵਿਚ ਹੋ ਰਹੀਆਂ ਪੰਜਾਬ ਦੀਆਂ ਮਿਉਂਸਪਲ ਕਾਰਪੋਰੇਸ਼ਨਾਂ ਅਤੇ ਕਮੇਟੀਆਂ ਦੀਆਂ ਚੋਣਾਂਦੀ ਚਿੰਤਾ ਬਾਰੇ ਵੀ ਚਰਚਾ ਹੋ ਸਕਦੀ ਹੈ।

ਵਰਨਣ ਯੋਗ ਹੈ ਕਿ ਬੀਤੀ 2-3 ਦਸੰਬਰ ਨੂੰ ਆਪਣੇ ਪਹਿਲੇ ਪੰਜਾਬ ਦੌਰੇ ਦੌਰਾਨ ਦੁਸ਼ਯੰਤ ਗੌਤਮ ਨੇ ਪੰਜਾਬ ਦੇ ਭਾਜਪਾ ਦੇ ਨੇਤਾਵਾਂ ਨਾਲ ਵੱਖ-ਵੱਖ ਬੈਠਕਾਂ ਵਿਚ ਤੇਵਰ ਕਾਫ਼ੀ ਸਖ਼ਤ ਰੱਖੇ ਸਨ। ਸੰਵਿਧਾਨ ਦਿਵਸ ਪ੍ਰੋਗਰਾਮ ਤੋਂ ਬਾਅਦ 2 ਦਸੰਬਰ ਨੂੰ ਪੰਜਾਬ ਦੇ ਅਹੁਦੇਦਾਰਾਂ, ਜ਼ਿਲ੍ਹਾ ਇੰਚਾਰਜਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੀ ਬੈਠਕ ਦੇ ਅਗਲੇ ਦਿਨ ਤਿੰਨ ਦਸੰਬਰ ਨੂੰ ਦੁਸ਼ਯੰਤ ਗੌਤਮ ਨੇ ਵੱਖ-ਵੱਖ ਮੋਰਚਿਆਂ ਦੇ ਪ੍ਰਧਾਨਾਂ ਤੇ ਇੰਚਾਰਜਾਂ ਤੇ ਸੈੱਲਾਂ ਦੇ ਕਨਵੀਨਰਾਂ ਨਾਲ ਬੈਠਕਾਂ ਵਿਚ ਸਪੱਸ਼ਟ ਕੀਤਾ ਸੀ ਕਿ ਉਹ ਅਗਲੇ ਦਿਨੀਂ ਪੰਜਾਬ ਆ ਕੇ ਪੰਜਾਬ ਯੂਨਿਟ ਦੀ ਕਾਗਜ਼ੀ ਕਾਰਵਾਈ ਦੀ ਥਾਂ ਜ਼ਮੀਨੀ ਹਾਲਤ ਵੇਖਣਗੇ ਕਿ ਪਾਰਟੀ ਇਸ ਰਾਜ ਵਿਚ ਕਿੱਥੇ ਖੜ੍ਹੀ ਹੈ। ਓਥੋਂਭਾਜਪਾ ਇੰਚਾਰਜ ਨੇ ਇਹ ਵੀਕਿਹਾ ਸੀ ਕਿ ਪਾਰਟੀਬਾਰੇ ਕੋਈ ਵੀ ਉੱਚੀ ਜਾਂ ਵੱਡੀ ਗੱਲ ਕਰਕੇ ਉਨ੍ਹਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਨਾ ਕਰੇ ਤੇ ਪਾਰਟੀ ਨੇਤਾਵਾਂ ਨੂੰ ਚਾਹੀਦਾ ਹੈ ਕਿ ਉਹ ਪਾਰਟੀ ਨੂੰ ਧੋਖਾ ਨਾ ਦੇਣ,ਆਪਣੇ ਅਹੁਦੇ ਮੁਤਾਬਕ ਹੀ ਕੰਮ ਕਰਨ। ਉਨ੍ਹਾਂ ਕਿਹਾ ਸੀ ਕਿ ਫਰਵਰੀ ਦੀਆਂ ਲੋਕਲ ਬਾਡੀਜ਼ ਚੋਣਾਂ ਦੇ ਨਤੀਜੇ ਸਭ ਦੀ ਕੁੰਡਲੀ ਦੱਸ ਦੇਣਗੇ ਕਿ ਕਿਹੜਾ ਨੇਤਾ ਆਪਣੇ ਖੇਤਰ ਦੇ ਲੋਕਾਂ ਵਿਚਾਲੇ ਕਿੱਥੇ ਕੁ ਖੜ੍ਹਾ ਹੈ।

ਇਸ ਦੌਰਾਨ ਅੱਜ ਭਾਰਤੀ ਜਨਤਾ ਪਾਰਟੀ ਦੇ ਮਹਿਲਾ ਮੋਰਚਾ ਦੀ ਮੀਟਿੰਗ ਵਿੱਚ ਆਪਣੀ ਹੀ ਪਾਰਟੀ ਦੀ ਕੇਂਦਰ ਸਰਕਾਰ ਵੱਲੋਂ ਖੇਤੀ ਬਾਰੇ ਪਾਸ ਕੀਤੇ 3 ਖੇਤੀ ਸੁਧਾਰ ਕਨੂੰਨਾਂ ਦੀ ਨਿੰਦਾ ਕੀਤੀ ਗਈ ਤੇ ਭਾਜਪਾ ਦੇ ਮਹਿਲਾ ਸ਼ਕਤੀਕਰਨ ਮੋਰਚੇ ਦੀ ਸੂਬਾ ਇੰਚਾਰਜ ਬੀਬੀ ਨਰਿੰਦਰ ਕੌਰ ਗਿੱਲ ਨੇ ਪਾਰਟੀ ਦੇ ਸਭ ਅਹੁਦਿਆਂ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨਾਲ ਉਨ੍ਹਾਂ ਦੀਆਂ ਸਾਥੀਸ਼ਕੁੰਤਲਾ ਬਾਜਵਾ ਜਨਰਲ ਸੈਕਟਰੀ, ਮਹਿਲਾ ਮੋਰਚਾ ਭਾਜਪਾ ਉਤਰੀ-ਪਟਿਆਲਾ, ਜਗੀਰ ਕੌਰ ਕੈਸ਼ੀਅਰ ਮਹਿਲਾ ਮੋਰਚਾ, ਅਨੀਤਾ ਰਾਣੀ ਅਤੇ ਪ੍ਰਭਜੋਤ ਕੌਰ ਸੋਸ਼ਲ ਮੀਡੀਆ ਕਨਵੀਨਰ ਨੇ ਵੀ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ।ਇਸ ਮੌਕੇ ਬੀਬੀ ਨਰਿੰਦਰ ਕੌਰ ਗਿੱਲ ਨੇ ਕਿਹਾ ਕਿ ਉਹ ਸਾਰੀਆਂ ਕਿਸਾਨ ਪਰਿਵਾਰਾਂ ਨਾਲ ਸਬੰਧਤ ਹਨ ਅਤੇ ਕੇਂਦਰ ਸਰਕਾਰ ਨੇ ਕਿਸਾਨਾਂ ਵਿਰੁੱਧ ਜਿਹੜੇ ਕਾਲ਼ੇ ਕਾਨੂੰਨ ਬਣਾਏ ਹਨ, ਉਨ੍ਹਾਂ ਨੂੰ ਵਾਪਸ ਲੈਣ ਲਈ ਟੱਸ ਤੋਂ ਮੱਸ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਨਾਲ ਮਾੜਾ ਸਲੂਕ ਅਤੇ ਤਾਨਾਸ਼ਾਹੀ ਵਾਲ਼ਾ ਵਿਹਾਰ ਕਰ ਰਹੀ ਹੈ, ਜਿਸ ਤੋਂ ਦੁਖੀ ਹੋਣ ਕਾਰਨ ਉਹ ਪਾਰਟੀ ਛੱਡ ਰਹੀਆਂ ਹਨ।

# ਕੇਜਰੀਵਾਲ ਦੇ ਘਰ ਮੂਹਰੇ ਭਾਜਪਾ ਵਾਲਿਆਂ ਵੱਲੋਂ ਭੰਨਤੋੜ ਕਰਨ ਦਾ ਦੋਸ਼

## * ਭਾਜਪਾ ਨੇ ਕਿਹਾ: ਪ੍ਰਾਈਵੇਸੀ ਦੀ ਉਲੰਘਣਾ ਕਰਦੇ ਕੈਮਰੇ ਹਟਾਏ ਹਨ



ਨਵੀਂ ਦਿੱਲੀ, 13 ਦਸੰਬਰ, (ਪੋਸਟ ਬਿਊਰੋ)- ਦਿੱਲੀ ਰਾਜ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸਰਕਾਰੀ ਘਰ ਦੇ ਬਾਹਰ ਭੰਨਤੋੜ ਹੋਣ ਦਾ ਮਾਮਲਾ ਸਾਹਮਣੇ ਆਉਣ ਨਾਲ ਇੱਕ ਨਵਾਂ ਵਿਵਾਦ ਛਿੜ ਗਿਆ ਹੈ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਦਫ਼ਤਰ ਦਾ ਕਹਿਣਾ ਹੈ ਕਿ ਧਰਨੇ ਉੱਤੇ ਬੈਠੇ ਭਾਜਪਾ ਨੇਤਾਵਾਂ ਨੇ ਮੁੱਖ ਮੰਤਰੀ ਦੇ ਘਰ ਉੱਤੇ ਲੱਗੇ ਸੀ ਸੀ ਟੀ ਵੀ ਕੈਮਰੇ ਤੋੜ ਦਿੱਤੇ ਹਨ।

ਦੂਸਰੇ ਪਾਸੇ ਦਿੱਲੀ ਦੀ ਭਾਜਪਾ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਘਟੀਆ ਰਾਜਨੀਤੀਕਰਦੀ ਹੈ ਤੇ ਧਰਨੇ ਉੱਤੇ ਬੈਠੀਆਂ ਕੌਂਸਲਰਬੀਬੀਆਂ ਉੱਤੇ ਨਜ਼ਰ ਰੱਖਣ ਲਈ ਨਵੇਂ ਸੀ ਸੀ ਟੀ ਵੀ ਕੈਮਰੇ ਲਵਾ ਦਿੱਤੇ ਸਨ,ਜਦੋਂ ਕਿ ਮੁੱਖ ਮੰਤਰੀ ਹਾਉਸ ਦੇ ਬਾਹਰ ਪਹਿਲਾਂ ਹੀ ਚੋਖੇ ਕੈਮਰੇ ਹਨ। ਇਹ ਔਰਤਾਂ ਦੀ ਨਿੱਜਤਾ(ਪ੍ਰਾਈਵੇਸੀ) ਉੱਤੇ ਹਮਲਾ ਹੈ, ਜਿਸ ਵਿੱਚ ਆਮ ਆਦਮੀ ਪਾਰਟੀ ਦਾ ਔਰਤਾਂ ਵਿਰੋਧੀ ਚਿਹਰਾ ਫਿਰ ਸਾਹਮਣੇ ਆਇਆ ਹੈ। ਦਿੱਲੀ ਦੇ ਮੇਅਰ ਜੈ ਪ੍ਰਕਾਸ਼ ਨੇ ਕਿਹਾ ਕਿ ਅਸੀਂ ਪਿਛਲੇ ਸੱਤ ਦਿਨਾਂ ਤੋਂ ਮੁੱਖ ਮੰਤਰੀ ਦੇ ਘਰ ਅੱਗੇ ਬੈਠੇ ਹਾਂ, ਮਿਲਣਾ ਦੂਰ, ਮੁੱਖ ਮੰਤਰੀ ਗੱਲ ਵੀ ਨਹੀਂ ਕਰਨਾ ਚਾਹੁੰਦੇਤੇ ਅੱਜ ਜਦੋਂ ਔਰਤਾਂ ਕੌਂਸਲਰ ਓਥੇ ਸੌਂ ਰਹੀਆਂ ਸਨ ਤਾਂ ਮੁੱਖ ਮੰਤਰੀ ਦਫਤਰ ਦੇ ਸਟਾਫ ਨੇ ਔਰਤਾਂ ਦੀ ਪ੍ਰਾਈਵੇਸੀ ਦਾ ਧਿਆਨ ਰੱਖੇ ਬਿਨਾਂ ਹੋਰ ਸੀ ਸੀ ਟੀ ਵੀ ਕੈਮਰੇ ਲਾਉਣੇ ਸ਼ੁਰੂ ਕਰ ਦਿੱਤੇ, ਜਿਸ ਦਾ ਮਹਿਲਾ ਕੌਂਸਲਰਾਂ ਨੇ ਵਿਰੋਧ ਕੀਤਾ ਹੈ। ਮੇਅਰ ਨੇ ਕਿਹਾ ਕਿ ਅਸੀਂ ਕੋਈ ਕੈਮਰਾ ਨਹੀਂ ਤੋੜਿਆ, ਸਿਰਫ ਔਰਤ ਕੌਂਸਲਰਾਂ ਉੱਤੇਲਾਇਆ ਜਾਣ ਵਾਲਾ ਸੀ ਸੀ ਟੀ ਵੀ ਕੈਮਰਾ ਲੱਗਣ ਨਹੀਂ ਦਿੱਤਾ।

# ਮੌਤ ਦੀ ਝਕਾਨੀ ਵਿੱਚ ਕੁੜੀ ਦੀ ਜਾਨ ਗਈ

## * ਚੂਹੇ ਮਾਰਨ ਲਈ ਟਮਾਟਰ ’ਚ ਜ਼ਹਿਰ ਪਾਇਆ, ਖੁਦ ਖਾ ਬੈਠੀ

ਭਿਲਾਈ, 13 ਦਸੰਬਰ (ਪੋਸਟ ਬਿਊਰੋ)- ਕਦੇ-ਕਦੇ ਛੋਟੀ ਜਿਹੀ ਅਣਗਹਿਲੀ ਮੌਤ ਦਾ ਕਾਰਨ ਬਣ ਸਕਦੀ ਹੈ। ਇਹੀ ਹੋਇਆ ਛੱਤੀਸਗੜ੍ਹ ਦੇ ਦੁਰਗ ਵਿੱਚ ਵੀਹ ਸਾਲਾਂ ਦੀ ਪਾਇਲ ਸਾਹੂ ਨਾਲ।

ਪਤਾ ਲੱਗਾ ਹੈ ਕਿ ਪਾਇਲ ਸਾਹੂ ਨੇ ਘਰ ਵਿੱਚ ਨੇ ਚੂਹੇ ਮਾਰਨ ਲਈ ਟਮਾਟਰ ਦੇ ਦੋ ਹਿੱਸੇ ਕਰ ਕੇ ਇੱਕ ਹਿੱਸੇ ਵਿੱਚ ਚੂਹੇ ਮਾਰਨ ਵਾਲਾ ਜ਼ਹਿਰ ਮਿਲਾਇਆ ਅਤੇ ਦੂਸਰੇ ਪਾਸੇ ਰੱਖ ਦਿੱਤਾ ਤੇ ਕੰਮ ਵਿੱਚ ਰੁੱਝ ਗਈ। ਗਲਤੀ ਨਾਲ ਸਾਦਾ ਹਿੱਸੇ ਵਾਲਾ ਟਮਾਟਰ ਚੂਹੇ ਲਈ ਰੱਖ ਦਿੱਤਾ ਤੇ ਜ਼ਹਿਰ ਵਾਲੇ ਹਿੱਸੇ ਦਾ ਸਲਾਦ ਆਪਣੇ ਖਾਣ ਲਈ ਵਰਤ ਲਿਆ। ਇਸ ਕਾਰਨ ਪਾਇਲ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ।ਦੁਰਗ ਦੇ ਡਿਪਰਾ-ਪਾਰਾ ਵਿੱਚ ਵਸਨੀਕ ਪਾਇਲ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਜਿੱਥੇ 9.30 ਵਜੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਨੂੰ ਸ਼ੁੱਕਰਵਾਰ ਰਾਤ ਕਰੀਬ ਅੱਠ ਵਜੇ ਤਬੀਅਤ ਖਰਾਬ ਹੋਣ ਉਤੇ ਭਰਤੀ ਕਰਾਇਆ ਗਿਆ ਸੀ। ਪਰਵਾਰ ਨੇ ਪੁਲਸ ਨੂੰ ਦੱਸਿਆ ਕਿ ਟਮਾਟਰ ਦਾ ਸਲਾਦ ਖਾਣ ਦੇ ਬਾਅਦ ਉਸ ਦੀ ਤਬੀਅਤ ਵਿਗੜਨ ਲੱਗੀ ਸੀ। ਉਨ੍ਹਾਂ ਦੇ ਮੁਤਾਬਕ ਪਾਇਲ ਨੇ ਗਲਤੀ ਨਾਲ ਟਮਾਟਰ ਦੇ ਨਾਲ ਚੂਹੇ ਮਾਰਨ ਵਾਲੀ ਦਵਾ ਖਾ ਲਈ ਸੀ। ਟਮਾਟਰ ਦੇ ਦੋ ਹਿੱਸੇ ਕਰਨ ਦੇ ਬਾਅਦ ਇੱਕ ਹਿੱਸੇ ਨੂੰ ਕਿਚਨ ਵਿੱਚ ਰੱਖ ਦਿੱਤਾ, ਜਦ ਕਿ ਦੂਸਰੇ ਹਿੱਸੇ ਨੂੰ ਉਸ ਨੇ ਬਾਹਰ ਕਮਰੇ ਵਿੱਚ ਰੱਖ ਦਿੱਤਾ ਸੀ। ਕਿਚਨ ਵਿੱਚ ਰੱਖੇ ਟਮਾਟਰ ਦੇ ਹਿੱਸੇ ਦਾ ਉਸ ਨੇ ਸਲਾਦ ਬਣਾਇਆ ਅਤੇ ਖਾ ਲਿਆ।

# ਕਿਸਾਨਾਂ ਦੇ ਪੱਖ ’ਚ ਆਏ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਵਾਪਸ ਭੇਜੇ ਗਏ

## * ਕਿਸਾਨ ਆਗੂਆਂ ਨੇ ਕਿਹਾ: ਜਾ ਕੇ ਆਪਣੀ ਪੜ੍ਹਾਈ ਕਰੋ



ਸਿੰਘੂ ਬਾਰਡਰ, ਨਵੀਂ ਦਿੱਲੀ, 13 ਦਸੰਬਰ, (ਪੋਸਟ ਬਿਊਰੋ)- ਅੱਜ ਐਤਵਾਰ ਨੂੰ ਖੇਤੀਬਾੜੀ ਕਾਨੂੰਨਾਂ ਦੇ ਖਿਲਾਫ ਦਿੱਲੀ ਦੇ ਬਾਰਡਰ ਉੱਤੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨਾਂ ਦੇ 18ਵੇਂ ਦਿਨ ਕਿਸਾਨਾਂ ਨੇ ਰਾਜਨੀਤਕ ਪਾਰਟੀਆਂ ਨੂੰ ਫਿਰ ਆਪਣੇ ਅੰਦੋਲਨ ਤੋਂ ਦੂਰ ਰਹਿਣ ਲਈ ਕਿਹਾ।ਅੱਜ ਦਿੱਲੀ ਦੀ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਕੁਝ ਵਿਦਿਆਰਥੀ ਵੀ ਜਦੋਂ ਦਿੱਲੀ-ਯੂਪੀ ਬਾਰਡਰ ਉੱਤੇ ਗਾਜੀਪੁਰ ਨਾਕੇ ਵਿਖੇ ਕਿਸਾਨ ਅੰਦੋਲਨ ਵਿੱਚ ਪਹੁੰਚੇ ਤਾਂ ਉਨ੍ਹਾਂ ਨੂੰ ਇਸ ਅੰਦੋਲਨ ਵਿਚ ਸ਼ਾਮਲ ਨਹੀਂ ਹੋਣ ਦਿੱਤਾ ਗਿਆ, ਕਿਸਾਨਾਂ ਨੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ।

ਅੱਜ ਐਤਵਾਰ ਦੀ ਇਸ ਸਾਰੀ ਘਟਨਾਬਾਰੇ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਦੱਸਿਆ ਕਿ ਇਹ ਵਿਦਿਆਰਥੀ ਪਤਾ ਨਹੀਂਇੱਥੇ ਕਿਉਂ ਆਏ ਸਨ, ਵਿਦਿਆਰਥੀਆਂ ਨੂੰ ਅੰਦੋਲਨ ਤੋਂ ਦੂਰ ਰਹਿ ਕੇ ਪੜ੍ਹਾਈਵੱਲ ਧਿਆਨ ਦੇਣਾ ਚਾਹੀਦਾ ਹੈ। ਵਰਨਣ ਯੋਗ ਹੈ ਕਿ ਗਾਜੀਪੁਰ ਵਿਚ ਜਾਮੀਆ ਯੂਨੀਵਰਸਿਟੀ ਵੱਲੋਂ ਕੁਝ ਵਿਦਿਆਰਥੀ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਸਨ। ਉਨ੍ਹਾਂ ਵਿਚੋਂ ਇਕ ਲੜਕਾ ਤੇ ਬਾਕੀ ਕੁੜੀਆਂ ਸਨ। ਕਿਸਾਨਾਂ ਨੇ ਇਨ੍ਹਾਂ ਦਾ ਵਿਰੋਧ ਕੀਤਾ ਤਾਂ ਓਥੇ ਪੁਲਿਸ ਵੀ ਆ ਗਈ। ਕਿਸਾਨ ਆਗੂਆਂ ਨੇ ਉਨ੍ਹਾਂ ਸਾਰੀਆਂ ਕੁੜੀਆਂ ਤੇ ਲੜਕੇ ਨੂੰ ਸ਼ਾਂਤਮਈ ਢੰਗ ਨਾਲ ਗਾਜੀਪੁਰ ਤੋਂ ਚਲੇ ਜਾਣਨੂੰ ਕਿਹਾ। ਓਥੇ ਮੌਜੂਦ ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਪੁੱਛਣ ਦੀ ਕੋਸ਼ਿਸ਼ ਕੀਤੀ ਸੀ ਕਿ ਤੁਸੀਂ ਕਿੱਥੋਂ ਆਏ ਹੋ, ਪਰ ਕੁੜੀਆਂ ਨੇ ਕੋਈ ਸਿੱਧਾ ਜਵਾਬ ਨਹੀਂ ਦਿੱਤਾ। ਉਹ ਕੈਮਰੇ ਉੱਤੇ ਬੋਲਣ ਤੋਂਵੀ ਪਰਹੇਜ਼ ਕਰ ਰਹੀਆਂ ਸਨ ਅਤੇ ਉਨ੍ਹਾਂ ਦੇ ਬੈਗ ਵਿਚ ਕੁਝ ਬੈਨਰ ਵੀ ਸਨ। ਕਿਸਾਨ ਆਗੂਆਂ ਦੇ ਅਨੁਸਾਰ ਜਾਮੀਆ ਦੇ ਵਿਦਿਆਰਥੀਆਂ ਦਾ ਇਸ ਅੰਦੋਲਨ ਵਿਚ ਆਉਣਾ ਠੀਕਨਹੀਂ, ਸਾਡੇ ਕਿਸਾਨ ਇਸ ਦਾ ਵਿਰੋਧ ਕਰਦੇ ਹਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

## ਅੱਜ ਨਾਮਾ

ਮੰਤਰੀ ਸਾਬਕਾ, ਲੀਡਰ ਹੈ ਭਾਜਪਾਈਆ,
ਕਰਿਆ ਪੁਲਸ ਨੇ ਕੱਲ੍ਹ ਗ੍ਰਿਫਤਾਰ ਮੀਆਂ।
ਲਾਇਆ ਦੋਸ਼ ਆ ਪੁਲਸ ਗੁਜਰਾਤ ਵਾਲੀ,
ਕਰਿਆ ਖੂਬ ਉਸ ਨੇ ਭ੍ਰਿਸ਼ਟਾਚਾਰ ਮੀਆਂ।
ਜਿਹੜੇ ਵਕਤ ਦੀ ਗੱਲ ਇਹ ਗਈ ਦੱਸੀ,
ਵੇਲਿਆਂ ਉਹਨਾਂ ਦੀ ਕਰੋ ਵਿਚਾਰ ਮੀਆਂ।
ਹੱਥ ਸੀ ਵਾਗ ਗੁਜਰਾਤ ਦੀ ਕੋਲ ਉਸ ਦੇ,
ਜਿਹੜਾ ਮੁਲਕ ਦਾ ਅੱਜ ਮੁਖਤਾਰ ਮੀਆਂ।
ਉਸ ਦੇ ਰਾਜ ਵਿੱਚ ਹੁੰਦੇ ਰਹੇ ਕਈ ਘਪਲੇ,
ਮੰਤਰੀ ਪਹਿਲਾਂ ਵੀ ਗਏ ਕਈ ਫੜੇ ਮੀਆਂ।
ਆਏ ਨਹੀਉਂ ਕੁੜਿੱਕੀ ਵਿੱਚ ਅਜੇ ਤੀਕਰ,
ਸੁਣਿਆ ਇਹੋ ਜਿਹੇ ਹੋਰ ਹਨ ਬੜੇ ਮੀਆਂ।

ਤੀਸ ਮਾਰ ਖਾਂ

# ਕੈਪਟਨ ਅਮਰਿੰਦਰ ਨੇ ਕੇਜਰੀਵਾਲ ਉੱਤੇ ਝੂਠਾ ਪ੍ਰਚਾਰ ਕਰਨ ਅਤੇ ਕੋਝੇ ਏਜੰਡੇ ਦਾ ਦੋਸ਼ ਲਾਇਆ



ਚੰਡੀਗੜ੍ਹ, 13 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਸੰਘਰਸ਼ ਨੂੰ ਨਿੱਜੀ ਸਵਾਰਥ ਲਈ ਵਰਤਣ ਦੇ ਹੱਥਕੰਡੇ ਅਪਣਾਉਣ ਦੇ ਯਤਨਾਂ ਲਈ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੀ ਨਿੰਦਾ ਕੀਤੀ ਹੈ।ਉਨ੍ਹਾਂ ਨੇ ਕਿਹਾ ਕਿ ਕੇਜਰੀਵਾਲ ਆਪਣੇ ਕੋਰੇ ਝੂਠ ਅਤੇ ਝੂਠੇ ਪ੍ਰਚਾਰ ਨਾਲ ਪੰਜਾਬ ਵਿੱਚ ਆਪਣੀ ਪਾਰਟੀ ਦੇ ਕੋਝੇ ਏਜੰਡੇ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ।

ਇਸ ਮੌਕੇ ਬਿਜਲੀ ਖ਼ਰੀਦ ਬਾਰੇ ਕੇਜਰੀਵਾਲ ਵੱਲੋਂ ਲਾਏ ਦੋਸ਼ਾਂ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਦਿੱਲੀ ਵਿੱਚ ਕੇਜਰੀਵਾਲ ਸਰਕਾਰ ਕਾਰਪੋਰੇਟ ਘਰਾਣਿਆਂ ਸਦਕਾ ਤਰੱਕੀ ਕਰ ਰਹੀ ਹੈ ਤੇ ਕਾਰਪੋਰੇਟ ਘਰਾਣੇ ਵੱਲੋਂ ਚਲਾਈ ਜਾਂਦੀ ਕੰਪਨੀ ਬੀ ਐੱਸ ਈ ਐੱਸ ਹੇਠ ਦਿੱਲੀ ਵਿੱਚ ਬਿਜਲੀ ਖੇਤਰ ਦੇ ਸੁਧਾਰਾਂ ਨੂੰ ਸਭ ਤੋਂ ਵੱਡੀ ਪ੍ਰਾਪਤੀ ਦੱਸ ਕੇ ਢੋਲ ਵਜਾ ਰਹੀ ਹੈ, ਜਦ ਕਿ ਪੰਜਾਬ ਸਰਕਾਰ ਨੇ ਕਿਸੇ ਕਾਰਪੋਰੇਟ ਘਰਾਣੇ ਨਾਲ ਕੋਈ ਸਮਝੌਤਾ ਨਹੀਂ ਕੀਤਾ ਤੇ ਨਾ ਰਾਜ ਵਿੱਚ ਬਿਜਲੀ ਖ਼ਰੀਦ ਲਈ ਨਿੱਜੀ ਕੰਪਨੀਆਂ ਦੀ ਬੋਲੀ ਬਾਰੇ ਜਾਣਦੀ ਹੈ। ਉਨ੍ਹਾ ਕਿਹਾ ਕਿ ਹਕੀਕਤ ਇਹ ਹੈ ਕਿ ਕੇਜਰੀਵਾਲ ਸਰਕਾਰ ਨੇ 23 ਨਵੰਬਰ ਨੂੰ ਓਦੋਂ ਕਾਲੇ ਖੇਤੀ ਕਾਨੂੰਨਾਂ ਵਿੱਚੋਂ ਇਕ ਕਾਨੂੰਨ ਬੇਸ਼ਰਮੀ ਨਾਲ ਨੋਟੀਫਾਈ ਕਰ ਦਿੱਤਾ,ਜਦੋਂ ਕਿਸਾਨ ਇਨ੍ਹਾਂ ਕਾਨੂੰਨਾਂ ਦੇ ਖ਼ਿਲਾਫ਼ ਦਿੱਲੀ ਵੱਲ ਕੂਚ ਲਈ ਤਿਆਰੀਆਂ ਕਰ ਰਹੇ ਸਨ।

ਇਹੀ ਨਹੀਂ, ਕੈਪਟਨ ਅਮਰਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨਬਾਰੇ ਵੀ ਕਿਹਾ ਕਿ ਪੰਜਾਬ ਵਿੱਚ ਬਿਜਲੀ ਖਰੀਦ ਦੇ ਹਾਲਾਤ ਅਤੇ ਤੱਥਾਂ ਨੂੰ ਜਾਂਚਣ ਬਿਨਾਂ ਮਾਨ ਬੋਲਦਾ ਹੈ। ਉਹ ਤਾਂਕਮੇਡੀਅਨ ਹੈ, ਜਿਸ ਨੂੰ ਗੰਭੀਰਤਾ ਨਾਲ ਕਦੇ ਨਹੀਂ ਲਿਆ ਗਿਆ।ਮੁੱਖ ਮੰਤਰੀ ਨੇ ਕਿਹਾ ਕਿ ਸਾਫ ਹੈ ਕਿ ਕੇਜਰੀਵਾਲ ਤੇ ਉਨ੍ਹਾਂ ਦੀ ਪਾਰਟੀ ਨੂੰ ਨਾ ਕੁਝ ਪਤਾ ਹੈ ਤੇ ਨਾ ਇਸ ਦੀ ਕੋਈ ਪ੍ਰਵਾਹ ਹੈ ਕਿ ਕਿਸਾਨਾਂ ਦੀਆਂ ਲੋੜਾਂ ਕੀ ਹਨ, ਉਹ ਸਿਰਫ਼ ਆਪਣੀ ਰਾਜਨੀਤੀ ਚਮਕਾਉਣਲੱਗੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਵਿੱਚ ਨਾਟਕੀ ਕਾਰਵਾਈਆਂ ਅਤੇ ਆਪਣੇ ਘਰਵਿੱਚ ਨਜ਼ਰਬੰਦ ਕੀਤੇ ਜਾਣ ਦੇ ਅਸਲੋਂ ਝੂਠੇ ਦਾਅਵਿਆਂ ਦੇ ਬਾਵਜੂਦ ਕਿਸਾਨਾਂ ਦੀ ਹਮਾਇਤ ਜਿੱਤਣ ਵਿੱਚ ਅਸਫਲ ਰਹੇ ਕੇਜਰੀਵਾਲ ਨੇ 2022 ਦੀਆਂ ਵਿਧਾਨਸਭਾ ਚੋਣਾਂ ਉੱਤੇ ਅੱਖ ਰੱਖ ਕੇ ਪੰਜਾਬ ਵੱਲ ਰੁਖ਼ ਕਰ ਲਿਆ ਹੈ।

# ਭਗਵੰਤ ਮਾਨ ਵੱਲੋਂ ਕੈਪਟਨ ਅਮਰਿੰਦਰ ਸਿੰਘ ਉੱਤੇ ਕਾਰਪੋਰੇਟ ਘਰਾਣਿਆਂ ਨਾਲ ਸਾਂਝ ਦੇ ਦੋਸ਼



ਚੰਡੀਗੜ੍ਹ, 13 ਦਸੰਬਰ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਬਾਰੇਆਮ ਆਦਮੀ ਪਾਰਟੀ ਨੇ ਅੱਜ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘਦੀ ਸਰਕਾਰ ਉੱਤੇ ਗਹਿਰੇ ਦੋਸ਼ ਲਾਏ ਹਨ। ਪਾਰਟੀ ਦੇ ਪਾਰਲੀਮੈਂਟ ਭਗਵੰਤ ਮਾਨ ਨੇ ਕਿਹਾ ਹੈ ਕਿ ਜਦੋਂ ਪੰਜਾਬ ਤੇ ਦੇਸ਼ ਦਾ ਕਿਸਾਨ ਮੋਦੀ ਸਰਕਾਰ ਦੇ ਨਾਲ-ਨਾਲ ਕਰਪੋਰੇਟ ਘਰਾਣਿਆਂ ਦੇ ਖਿਲਾਫ ਆਰ-ਪਾਰ ਦੀ ਲੜਾਈ ਲੜਦਾ ਪਿਆ ਹੈ, ਓਦੋਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਅਡਾਨੀ ਗਰੁੱਪ ਨਾਲ ਬਿਜਲੀ ਖਰੀਦ ਦਾ ਸਮਝੌਤਾ ਕਰਕੇ ਕਿਸਾਨ ਅੰਦੋਲਨ ਦੀ ਪਿੱਠ ਵਿਚ ਛੁਰਾ ਮਾਰਿਆ ਗਿਆ ਹੈ।

ਭਗਵੰਤ ਮਾਨ ਨੇ ਕਿਹਾ ਕਿ ਖੇਤੀਬਾੜੀ ਬਾਰੇ ਕਾਨੂੰਨਾਂ ਤੇ ਕਾਰਪੋਰੇਟ ਘਰਾਣਿਆਂ ਬਾਰੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਕਥਨੀ ਤੇ ਕਰਨੀ ਦਾ ਦਿਨ-ਰਾਤ ਦਾ ਫਰਕ ਹੈ। ਇਕ ਪਾਸੇ ਕੈਪਟਨ ਅਮਰਿੰਦਰ ਸਿੰਘਤੇ ਕਾਂਗਰਸ ਪਾਰਟੀ ਖੇਤੀ ਕਾਨੂੰਨਾਂ ਵਿਰੁਧ ਡਰਾਮੇਬਾਜ਼ੀ ਕਰਦੇ ਹਨ, ਦੂਜੇ ਪਾਸੇ ਕੈਪਟਨ ਸਰਕਾਰ ਵਾਰ-ਵਾਰ ਖੇਤੀ ਕਾਨੂੰਨਾਂ ਦਾ ਤੇ ਕਾਰਪੋਰੇਟ ਘਰਾਣਿਆਂ ਦਾਪੱਖ ਪੂਰ ਰਹੀ ਹੈ। ਉਨ੍ਹਾਂ ਕਿਹਾ ਅਡਾਨੀ ਗਰੁੱਪ ਨਾਲ ਕੀਤੇ ਤਾਜ਼ਾ ਬਿਜਲੀ ਸਮਝੌਤੇ ਨੇ ਸਾਬਤ ਕੀਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਕਿਸੇਭਾਜਪਾ ਮੁੱਖ ਮੰਤਰੀ ਵਾਂਗ ਕੰਮ ਕਰਦੇ ਤੇ ਮੋਦੀ ਸਰਕਾਰ ਦੇ ਇਸ਼ਾਰੇ ਉੱਤੇ ਚੱਲਦੇ ਹਨ। ਮਾਨ ਨੇ ਕਿਹਾ ਕਿ ਜਦੋਂ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ ਤੇ ਦੇਸ਼ ਦੇ ਕਿਸਾਨ 26 ਨਵੰਬਰ ਨੂੰ ਦਿੱਲੀ ਕੂਚ ਕਰਨ ਵਾਲੇ ਸਨ, ਠੀਕ ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਅਡਾਨੀ ਗਰੁੱਪ ਨਾਲ ਬਿਜਲੀ ਖਰੀਦਣ ਦੀ ਡੀਲ ਕਰ ਰਹੇ ਸਨ।ਮਾਨ ਨੇ ਦੋਸ਼ ਲਾਇਆ ਕਿ ਇਕ ਪਾਸੇ ਕਿਸਾਨ ਕਾਰਪੋਰੇਟ ਘਰਾਣਿਆਂ ਵਾਲੇ ਪੈਟਰੋਲ ਪੰਪਾਂ, ਮਾਲਜ਼, ਟੋਲ ਪਲਾਜ਼ਿਆਂ ਤੇ ਸੀਲੋ ਗੁਦਾਮਾਂ ਸਮੇਤ ਹੋਰ ਕਾਰੋਬਾਰਾਂ ਦਾ ਬਾਈਕਾਟ ਕਰ ਰਹੇ ਹਨ, ਦੂਜੇ ਪਾਸੇ ਪੰਜਾਬ ਦੀ ਕੈਪਟਨ ਸਰਕਾਰ ਨੇ ਅਡਾਨੀ ਗਰੁੱਪ ਨੂੰ ਪੰਜਾਬਦੇ ਬਿਜਲੀ ਕਾਰੋਬਾਰ ਦਾ ਤੋਹਫਾ ਦੇ ਦਿੱਤਾ ਹੈ। ਉਨ੍ਹਾਂ ਨੇ ਅਮਰਿੰਦਰ ਸਿੰਘ ਦੇ ਅਸਤੀਫੇ ਦੀ ਮੰਗ ਕਰਦਿਆਂ ਕਿਹਾ ਕਿ ਅਮਰਿੰਦਰ ਸਿੰਘ ਨੂੰ ਨੈਤਿਕ ਤੌਰ ਉੱਤੇਪੰਜਾਬ ਦਾ ਮੁੱਖ ਮੰਤਰੀ ਬਣੇ ਰਹਿਣ ਦਾ ਅਧਿਕਾਰ ਨਹੀਂ ਰਹਿ ਗਿਆ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਿਜਲੀ ਮਾਫੀਆ ਰੋਕਣ ਦੀ ਥਾਂ ਪਿਛਲੀ ਬਾਦਲ ਸਰਕਾਰ ਵਾਂਗ ਹਿੱਸਾ-ਪੱਤੀ ਨੂੰ ਪਹਿਲ ਦਿੱਤੀ ਹੈ, ਜੇ ਕੈਪਟਨ ਅਮਰਿੰਦਰ ਸਿੰਘ ਲੋਕ ਹਿਤੈਸ਼ੀ ਹੁੰਦੇ ਤਾਂ ਮੋਦੀ ਸਰਕਾਰ ਦੇ ਦਬਾਅ ਹੇਠ ਆਣ ਕੇ ਅਡਾਨੀ ਗਰੁੱਪ ਨਾਲ ਬਿਜਲੀ ਸਮਝੌਤਾ ਕਰਨ ਦੀ ਥਾਂ ਆਪਣੇ ਚੋਣ ਵਾਅਦੇ ਅਨੁਸਾਰ ਨਿੱਜੀ ਬਿਜਲੀ ਕੰਪਨੀਆਂ ਦੇ ਨਾਲ ਬਾਦਲਾਂ ਵੱਲੋਂਕੀਤੇ ਮਹਿੰਗੇ ਅਤੇ ਇਕ ਤਰਫਾ ਬਿਜਲੀ ਖਰੀਦ ਸਮਝੌਤੇ ਵੀ ਰੱਦ ਕਰਦੇ।

# ਇਮਰਾਨ ਸਰਕਾਰ ਦੇ ਲਾਕਡਾਊਨ ਦੇ ਬਾਵਜੂਦ ਵਿਰੋਧੀ ਧਿਰ ਦੀ ਲਾਹੌਰ ਰੈਲੀ ਵਿੱਚ ਭਾਰੀ ਭੀੜ



ਲਾਹੌਰ, 13 ਦਸੰਬਰ, (ਪੋਸਟ ਬਿਊਰੋ)- ਕੜਾਕੇ ਦੀ ਠੰਢ ਅਤੇ ਕੋਰੋਨਾ ਵਾਇਰਸ ਦੀ ਚਿੰਤਾ ਕੀਤੇ ਬਗੈਰ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐੱਮ) ਦੀਲਾਹੌਰ ਰੈਲੀ ਵਿੱਚ ਅੱਜ ਭਾਰੀ ਭੀੜ ਇਕੱਠੀ ਹੋ ਗਈ। ਇਹ ਰੈਲੀ ਕਰਨ ਲਈ ਸੱਦਾ ਪਾਕਿਸਤਾਨ ਮੁਸਲਿਮ ਲੀਗ (ਪੀ ਐੱਮ ਐੱਲ-ਐੱਨ) ਵੱਲੋਂ ਦਿੱਤਾ ਗਿਆ ਸੀ।

ਅੱਜ ਏਥੇ ਲਾਹੌਰ ਦੇ ਮੀਨਾਰ-ਏ-ਪਾਕਿਸਤਾਨ ਮੈਦਾਨ ਵਿਚ ਆਏ ਲੋਕਾਂ ਦੇ ਇਕੱਠ ਨੂੰ ਸੰਬੋਧਤ ਕਰਨ ਲਈ ਪੀ ਡੀ ਐੱਮ ਦੇ ਆਗੂ ਮੌਲਾਨਾ ਫਜ਼ਲੁਰ ਰਹਿਮਾਨ, ਪੀ ਐੱਮ ਐੱਲ-ਐੱਨ ਦੀ ਉਪ ਪ੍ਰਧਾਨ ਮਰੀਅਮ ਨਵਾਜ਼ ਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਪਹੁੰਚੇ ਹੋਏ ਸਨ। ਰੈਲੀ ਸ਼ੁਰੂ ਹੋਣ ਤੋਂ ਕਈ ਘੰਟੇ ਪਹਿਲਾਂ ਹੀ ਭਾਰੀ ਭੀੜ ਮੈਦਾਨ ਵਿਚ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ।

ਵਰਨਣ ਯੋਗ ਹੈ ਕਿ ਇਮਰਾਨ ਖਾਨ ਦੀ ਸਰਕਾਰ ਨੇ ਵਿਰੋਧੀ ਪਾਰਟੀਆਂ ਦੀ ਇਸ ਰੈਲੀ ਨੂੰ ਰੋਕਣ ਲਈ ਆਪਣਾ ਪੂਰਾ ਜ਼ੋਰ ਲਾਇਆ ਤੇ ਰੈਲੀ ਵਾਲੀ ਥਾਂ ਦੇ ਨੇੜੇ ਕੋਰੋਨਾ ਵਾਇਰਸ ਸਮਾਰਟ ਲਾਕਡਾਊਨ ਦਾ ਐਲਾਨ ਵੀ ਕਰ ਦਿੱਤਾ ਅਤੇ ਐਲਾਨ ਕੀਤਾ ਸੀ ਕਿ ਇਸ ਦੀ ਉਲੰਘਣਾ ਕਰਨ ਵਾਲਿਆਂ ਨੂੰ ਜੇਲ ਭੇਜਿਆ ਜਾ ਸਕਦਾ ਹੈ। ਪਾਕਿਸਤਾਨ ਦੇ ਮੀਡੀਆ ਦੀ ਰਿਪੋਰਟ ਮੁਤਾਬਕ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਨੇ ਇੱਕ ਆਦੇਸ਼ ਵਿਚ ਕਿਹਾ ਸੀ ਕਿ ਲਾਕਡਾਊਨ, ਜੋ ਐਤਵਾਰ ਸਵੇਰੇ ਲਾਗੂ ਹੋਇਆ ਹੈ, ਇਹ 25 ਦਸੰਬਰ ਤੱਕ ਜਾਰੀ ਰਹੇਗਾ। ਇਸ ਦਾ ਅਰਥ ਹੈ ਕਿ ਐਤਵਾਰ ਦੀ ਰੈਲੀ ਉਸ ਵੇਲੇ ਕੀਤੀ ਗਈ, ਜਦੋਂ ਸਰਕਾਰ ਨੇ ਸਿਰਫ ਇੱਕ ਦਿਨ ਦਾ ਲਾਕਡਾਊਨ ਲਾਇਆ ਸੀ ਤੇ ਦੂਸਰੇ ਪਾਸੇ ਪੀ ਡੀ ਐੱਮਆਗੂਆਂ ਲਈ ਸੁਰੱਖਿਆ ਦੇ ਖਤਰੇ ਵਾਲੇ ਅਲਰਟ ਜਾਰੀ ਕੀਤੇ ਸਨ। ਸਰਕਾਰ ਨੇ ਕੋਰੋਨਾ ਦੇ ਸਬੰਧ ਵਿਚ ਇਸ ਰੈਲੀ ਨੂੰ ਨਾ ਕਰਨ ਦੀ ਅਪੀਲ ਵੀ ਕੀਤੀ ਸੀ। ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਵਿਰੋਧੀ ਪਾਰਟੀਆਂ ਨੂੰ ਚਿਤਾਵਨੀ ਵੀ ਦੇ ਦਿੱਤੀ ਸੀ ਕਿ ਜੇ ਕਾਨੂੰਨ ਦਾ ਉਲੰਘਣ ਕੀਤਾ ਗਿਆ ਤਾਂ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

## ਬੇਅਦਬੀ ਕਾਂਡ ਦੇ ਦੋਸ਼ੀਆਂ ਦੇ ਵਕੀਲ ਨੇ ਸੀ ਬੀ ਆਈ ਜਾਂਚ ਦੇ ਹੱਕ ਵਿੱਚ ਦਲੀਲਾਂ ਦਿੱਤੀਆਂ

ਚੰਡੀਗੜ੍ਹ, 13 ਦਸੰਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਸਮੇਂ ਹੋਏ ਬੇਅਦਬੀ ਨਾਲ ਜੁੜੇ ਕੇਸ ਦੇ ਦੋਸ਼ੀਆਂ ਸੁਖਜਿੰਦਰ ਸਿੰਘ ਅਤੇ ਸ਼ਕਤੀ ਸਿੰਘ ਵੱਲੋਂ ਇਸ ਕੇਸ ਦੀ ਜਾਂਚ ਸੀ ਬੀ ਆਈ ਤੋਂ ਕਰਵਾਉ ਬਾਰੇ ਦਾਇਰ ਅਰਜ਼ੀਆਂ 'ਤੇ ਹਾਈਕੋਰਟ ਵਿੱਚ ਇਸ ਕੇਸ ਵਿੱਚ ਪਟੀਸ਼ਨਰਾਂ ਦੇ ਵਕੀਲ ਵਿਨੋਦ ਘਈ ਨੇ ਕੱਲ੍ਹ ਬਹਿਸ ਪੇਸ਼ ਕੀਤੀ। ਉਨ੍ਹਾਂ ਨੇ ਇਸ ਦੀ ਸੀ ਬੀ ਆਈ ਜਾਂਚ ਦੇ ਹੱਕ 'ਚ ਦਲੀਲਾਂ ਦੇ ਕੇ ਕਿਹਾ ਕਿ ਬਹਿਸ ਲਈ ਉਨ੍ਹਾਂ ਨੂੰ ਹੋਰ ਸਮਾਂ ਚਾਹੀਦਾ ਹੈ।

ਹਾਈਕੋਰਟ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਤੋਂ ਬਾਅਦ ਇਸ ਕੇਸ ਵਿੱਚ ਪੰਜਾਬ ਸਰਕਾਰ, ਸੀ ਬੀ ਆਈ ਅਤੇ ਸ਼ਿਕਾਇਤਕਰਤਾ ਦੇ ਵਕੀਲ ਨੂੰ ਵੀ ਬਹਿਸ ਲਈ ਸਮਾਂ ਚਾਹੀਦਾ ਹੋਵੇਗਾ। ਇਸ ਲਈ ਕੇਸ ਦੀ ਸੁਣਵਾਈ 18 ਦਸੰਬਰ ਲਈ ਮੁਲਤਵੀ ਕਰਦੇ ਹੋਏ ਕੋਰਟ ਨੇ ਕਿਹਾ ਹੈ ਕਿ ਇਹ ਕੇਸ ਸੂਚੀ ਵਿੱਚ ਸਭ ਤੋਂ ਪਹਿਲਾਂ ਰੱਖਿਆ ਜਾਵੇ। ਇਸ ਤੋਂ ਇਲਾਵਾ ਮਾਮਲੇ ਵਿੱਚ ਪਟੀਸ਼ਨਰ ਪੱਖ ਵੱਲੋਂ ਇੱਕ ਅਰਜ਼ੀ ਦਾਇਰ ਕਰ ਕੁਝ ਦਸਤਾਵੇਜ਼ ਪਟੀਸ਼ਨ ਨਾਲ ਨੱਥੀ ਕਰਨ ਦੀ ਮੰਗ ਕੀਤੀ ਸੀ। ਜਿਸ 'ਤੇ ਪੰਜਾਬ ਸਰਕਾਰ ਸਮੇਤ ਹੋਰ ਪੱਖਾਂ ਨੂੰ ਹਾਈਕੋਰਟ ਨੇ ਨੋਟਿਸ ਜਾਰੀ ਕੀਤਾ। ਇਸ 'ਤੇ ਸਰਕਾਰ ਵੱਲੋਂ ਸੀਨੀਅਰ ਡੀ ਏ ਜੀ ਗੌਰਵ ਗਰਗ ਧੁਰਿਵਾਲ, ਸੀ ਬੀ ਆਈ ਵੱਲੋਂ ਸੁਮੀਤ ਗੋਇਲ ਅਤੇ ਸ਼ਿਕਾਇਤਕਰਤਾ ਦੇ ਵਕੀਲ ਗਗਨ ਪ੍ਰਦੀਪ ਬਲ ਨੇ ਨੋਟਿਸ ਸਵੀਕਾਰ ਕਰਦਿਆਂ ਕਿਹਾ ਕਿ ਸਬੰਧਤ ਦਸਤਾਵੇਜ਼ ਨੱਥੀ ਕਰਨ ਦੀ ਮੰਗ ਉੱਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ, ਜਿਸ 'ਤੇ ਹਾਈਕੋਰਟ ਨੇ ਇਹ ਅਰਜ਼ੀ ਮਨਜ਼ੂਰ ਕਰ ਦਿੱਤੀ।

## ਯੂਰਪੀ ਯੂਨੀਅਨ ਨੇ ਤੁਰਕੀ 'ਤੇ ਨਵੀਂ ਪਾਬੰਦੀ ਲਾਉਣ ਦੀ ਯੋਜਨਾ ਬਣਾਈ

ਬ੍ਰਸਲਸ, 12 ਦਸੰਬਰ (ਪੋਸਟ ਬਿਊਰੋ)- ਯੂਰਪੀ ਯੂਨੀਅਨ ਦੇ ਨੇਤਾਵਾਂ ਨੇ ਕੱਲ੍ਹ ਸਵੇਰੇ ਭੂਮੱਧ ਸਾਗਰ 'ਚ ਗੈਸ ਭੰਡਾਰ ਦੀ ਖੋਦਾਈ ਕਾਰਨ ਤੁਰਕੀ ਦੇ ਖ਼ਿਲਾਫ਼ ਪਾਬੰਦੀਆਂ ਦੇ ਵਾਧੇ ਦੀ ਮਨਜ਼ੂਰੀ ਦੇ ਦਿੱਤੀ।

ਇਸ ਦੌਰਾਨ ਯੂਰਪੀ ਯੂਨੀਅਨਦੇ ਮੈਂਬਰ ਦੇਸ਼ਾਂ ਯੂਨਾਨ ਅਤੇ ਸਾਈਪ੍ਰਸ ਨੇ ਇਸ ਭੰਡਾਰ ਦਾ ਦਾਅਵਾ ਪ੍ਰਗਟਾਇਆ ਹੈ। ਯੂਰਪੀ ਯੂਨੀਅਨਦੇ ਨੇਤਾਵਾਂ ਨੇ ਬ੍ਰਸਲਸ 'ਚ ਕੀਤੇ ਸਿਖਰ ਸੰਮੇਲਨ 'ਚ ਇੱਕ ਬਿਆਨ 'ਚ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਤੁਰਕੀ ਇੱਕਪਾਸੜ ਕਾਰਵਾਈ ਅਤੇ ਉਕਸਾਵੇ 'ਚ ਲੱਗਾ ਪਿਆ ਹੈ ਅਤੇ ਯੂਰਪੀ ਯੂਨੀਅਨ, ਇਸ ਯੂਨੀਅਨ ਮੈਂਬਰ ਦੇਸ਼ਾਂ ਅਤੇ ਯੂਰਪੀ ਯੂਨੀਅਨਦੇ ਨੇਤਾਵਾਂ ਦੇ ਖ਼ਿਲਾਫ਼ ਉਸ ਨੇ ਬਿਆਨਬਾਜ਼ੀ ਤੇਜ਼ ਕਰ ਦਿੱਤੀ ਹੈ। ਅਕਤੂਬਰ 'ਚ ਆਪਣੇ ਆਖਰੀ ਸਿਖਰ ਸੰਮੇਲਨ 'ਚ ਯੂਰਪੀਨ ਨੇਤਾਵਾਂ ਨੇ ਤੁਰਕੀ ਨੂੰ ਇੱਕ 'ਹਾਂ-ਪੱਖੀ ਸਿਆਸੀ ਈ ਯੂ-ਤੁਰਕੀ ਏਜੈਂਡਾ' ਦੀ ਪੇਸ਼ਕਸ਼ ਕੀਤੀ ਅਤੇ ਕਿਹਾ ਸੀ ਕਿ ਜੇ ਉਹ ਪੂਰਬੀ ਭੂਮੱਧਸਾਗਰ 'ਚ ਆਪਣੀਆਂ ਨਾਜਾਇਜ਼ ਸਰਗਰਮੀਆਂ ਨੂੰ ਰੋਕ ਦਿੰਦਾ ਹੈ ਤਾਂ ਉਸ ਨੂੰ ਵਪਾਰ ਅਤੇ ਕਸਟਮ 'ਚ ਲਾਭ ਹੋਵੇਗਾ ਅਤੇ ਸੀਰੀਆਈ ਸ਼ਰਨਾਰਥੀਆਂ 'ਤੇ ਪਾਬੰਦੀ ਲਗਾਉਣ 'ਚ ਮਦਦ ਕਰਨ ਲਈ ਉਸ ਨੂੰ ਹੋਰ ਪੈਸਾ ਦਿੱਤਾ ਜਾ ਸਕਦਾ ਹੈ। ਨੇਤਾਵਾਂ ਨੇ ਕਿਹਾ ਕਿ ਜੇ ਤੁਰਕੀ ਸੱਚੀ ਸਾਝੇਦਾਰੀ ਵਿੱਚ ਸ਼ਾਮਲ ਹੋਣ ਅਤੇ ਯੂਰਪੀ ਯੂਨੀਅਨਨਾਲ ਅਸਲ ਗੱਲਬਾਤ ਸ਼ੁਰੂ ਕਰਨ ਲਈ ਤਿਆਰ ਹੈ ਅਤੇ ਜੇਉਹ ਸੰਵਾਦ ਰਾਹੀਂ ਹੋਰ ਕੌਮਾਂਤਰੀ ਕਾਨੂੰਨ ਮੁਤਾਬਕ ਸਮੱਸਿਆਵਾਂ ਨੂੰ ਸੁਲਝਾਉਣ ਦੀ ਇੱਛਾ ਦਿਖਾਉਂਦਾ ਹੈ ਤਾਂ ਇਹ ਪ੍ਰਸਤਾਵ ਅਜੇ ਵੀ ਉਸਦੇ ਲਈ ਮੌਜੂਦ ਹੈ। ਤੁਰਕੀ ਵੱਲੋਂ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਆਈ।

# ਭਾਰਤ ਦੀ ਚੋਟੀ ਦੀ ਟੈਨਿਸ ਖਿਡਾਰਨ ਅੰਕਿਤਾ ਰੈਣਾ ਨੇ ਆਈ ਟੀ ਐੱਫ ਡਬਲਜ਼ ਜਿੱਤਿਆ




ਦੁਬਈ, 13 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਚੋਟੀ ਦੀ ਟੈਨਿਸ ਖਿਡਾਰਨ ਅੰਕਿਤਾ ਰੈਣਾ ਨੇ ਏਥੇ ਏਕਾਤੇਰੀਨਾ ਗੋਰਗੋਡਜੇ ਨਾਲ ਮਿਲ ਕੇ ਅਲ ਹਬਟੂਰ ਡਬਲਜ਼ ਟਰਾਫੀ ਆਪਣੇ ਜਿੱਤ ਲਈ ਹੈ। ਕੋਵਿਡ-19 ਮਹਾਮਾਰੀ ਨਾਲ ਪ੍ਰਭਾਵਿਤ 2020 ਇਸ ਸੈਸ਼ਨ ਵਿਚ ਇਹ ਅੰਕਿਤਾ ਰੈਣਾ ਦਾ ਤੀਜਾ ਡਬਲਜ਼ ਖ਼ਿਤਾਬ ਹੈ।

ਭਾਰਤ ਅਤੇ ਜਾਰਜੀਆ ਦੀ ਕਿਸੇ ਦਰਜੇ ਤੋਂ ਸੱਖਣੀ ਜੋੜੀ ਨੇ ਕੱਲ੍ਹ ਸ਼ਨਿਚਰਵਾਰ ਇੱਕ ਲੱਖ ਡਾਲਰ ਦੀ ਇਨਾਮੀ ਰਕਮ ਵਾਲੇ ਹਾਰਡ ਕੋਰਟ ਟੂਰਨਾਮੈਂਟ ਦੇ ਫਾਈਨਲ ਵਿਚ ਸਪੇਨ ਦੀ ਅਲੀਓਨਾ ਬੋਲਸੋਵਾ ਜਾਦੋਇਨੋਵ ਅਤੇ ਸਲੋਵਾਕੀਆ ਦੀ ਕਾਜਾ ਜੁਵਾਨ ਦੀ ਜੋੜੀ ਉੱਤੇ 6-4, 3-6, 10-6 ਨਾਲ ਜਿੱਤ ਹਾਸਲ ਕੀਤੀ। ਇਸ ਤੋਂ ਬਾਅਦ ਅੰਕਿਤਾ ਨੇ ਕਿਹਾ ਕਿ 'ਡਬਲਜ਼ ਨੇ ਹਮੇਸ਼ਾ ਮੈਨੂੰ ਸਿੰਗਲਜ਼ ਵਿਚ ਮਦਦ ਕੀਤੀ ਹੈ। ਡਬਲਜ਼ ਵਿਚ ਚੰਗਾ ਖੇਡਣਾ ਹਮੇਸ਼ਾ ਮੇਰੇ ਕਰੀਅਰ ਵਿਚ ਸਿੰਗਲਜ਼ ਵਿਚ ਖੇਡਣ ਲਈ ਚੰਗਾ ਰਿਹਾ ਹੈ। ਤੁਸੀਂ ਚੰਗੇ ਖਿਡਾਰੀਆਂ ਨਾਲ ਪ੍ਰੈਕਟਿਸ ਕਰ ਸਕਦੇ ਹੋ, ਖੇਡ ਸਕਦੇ ਹੋ ਅਤੇ ਮੈਚਾਂ ਵਿਚ ਕੁਝ ਚੀਜ਼ਾਂ ਹਾਸਲ ਕਰ ਸਕਦੇ ਹੋ।' ਅੰਕਿਤਾ ਰੈਣਾ ਦਾ ਇਹ ਸੈਸ਼ਨ ਦਾ ਚੌਥਾ ਡਬਲਜ਼ ਫਾਈਨਲ ਸੀ, ਪਰ ਇਹ ਇਸ ਕੈਲੰਡਰ ਦੀ ਸਭ ਤੋਂ ਵੱਡੀ ਟਰਾਫੀ ਸੀ, ਕਿਉਂਕਿ ਇਸ ਤੋਂ ਪਹਿਲਾਂ ਉਸ ਨੇ ਜਿਹੜੇ ਦੋ ਖ਼ਿਤਾਬ ਜਿੱਤੇ ਸਨ, ਉਹ 25000 ਡਾਲਰ ਦੇ ਪੱਧਰ ਦੇ ਸਨ। ਇਸ ਸਾਲ ਫਰਵਰੀ ਵਿਚ ਅੰਕਿਤਾ ਨੇ ਤਿੰਨ ਫਾਈਨਲ ਵਿਚ ਪ੍ਰਵੇਸ਼ ਕੀਤਾ ਸੀ ਅਤੇ ਇਸਵਿਚ ਉਸ ਨੇ ਬੀਬੀਆਨੇ ਸ਼ੂਫਸ ਦੇ ਨਾਲ ਥਾਈਲੈਂਡ ਦੇ ਨੋਂਥਾਬੁਰੀ ਵਿਚ ਲਗਾਤਾਰ ਖ਼ਿਤਾਬ ਜਿੱਤੇ ਤੇ ਜੋਧਪੁਰ ਵਿਚ ਆਪਣੇ ਹੀ ਦੇਸ਼ ਦੀ ਸਨੇਹਲ ਮਾਨੇ ਨਾਲ ਉੱਪ ਜੇਤੂ ਰਹੀ ਸੀ।

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
- AZ Tractor trailer program
- Manual transmission & backup training everyday
- We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਕਿਸਾਨ ਮੋਰਚੇ ਦੇ ਦਬਾਅ ਹੇਠ ਹਾਕਮਾਂ ਵੱਲੋਂ ਹਕੀਕੀ ਹੈਸੀਅਤ ਦਾ ਇਕਬਾਲਨਾਮਾ



ਜਤਿੰਦਰ ਪੰਨੂ

ਦਿੱਲੀ ਦੀ ਫਿਰਨੀ ਉੱਤੇ ਲੱਗਾ ਹੋਇਆ ਉਹ ਕਿਸਾਨ ਮੋਰਚਾ ਸਾਰੇ ਦੇਸ਼ ਦੇ ਕਿਸਾਨਾਂ ਦੇ ਮੋਰਚੇ ਦੀ ਹਾਲਤ ਵਿੱਚ ਪਹੁੰਚ ਚੁੱਕਾ ਹੈ, ਜਿਹੜਾ ਪਹਿਲਾਂ ਨਵੰਬਰ ਦੇ ਤੀਸਰੇ ਹਫਤੇ ਤੱਕ ਸਿਰਫ ਪੰਜਾਬ ਤੱਕ ਸੀਮਤ ਸੀ। ਕਈ ਪੜਾਵਾਂ ਵਿੱਚੋਂ ਲੰਘਣ ਪਿੱਛੋਂ ਜਦੋਂ ਦਿੱਲੀ ਵੱਲ ਤੁਰਨ ਦਾ ਸਮਾਂ ਆਇਆ ਤਾਂ ਪਹਿਲਾਂ ਸੀਮਤ ਜਿਹਾ ਪ੍ਰਦਰਸ਼ਨ ਕਰਨ ਵਾਲੇ ਹਰਿਆਣਾ ਦੇ ਕਿਸਾਨ ਪੰਜਾਬ ਵਾਲੇ ਕਿਸਾਨਾਂ ਤੋਂ ਵੀ ਇੱਕਦਮ ਵੱਧ ਸਰਗਰਮ ਹੋ ਕੇ ਐਡਵਾਂਸ ਪਾਰਟੀ ਦਾ ਫਰਜ਼ ਨਿਭਾਉਣ ਤੇ ਪੁਲਸ ਦੀਆਂ ਰੋਕਾਂ ਤੋੜਨ ਵਾਲਾ ਪਹਿਲਾ ਜਥਾ ਬਣ ਕੇ ਉੱਭਰੇ। ਇਸ ਪਿੱਛੋਂ ਉੱਤਰ ਪ੍ਰਦੇਸ਼ ਦੇ ਰਾਕੇਸ਼ ਟਿਕੈਤ ਦਾ ਕਿਸਾਨ ਜਥਾ ਆਣ ਪਹੁੰਚਿਆ ਤੇ ਉਸ ਦੇ ਬਾਅਦ ਇੱਕ ਪਿੱਛੋਂ ਦੂਸਰਾ ਕਈ ਰਾਜਾਂ ਦੇ ਕਿਸਾਨ ਜਥੇ ਆਣ ਕੇ ਦਿੱਲੀ ਬਾਰਡਰ ਦੇ ਬਾਹਰ ਲੱਗੇ ਕਿਸਾਨ ਮੋਰਚੇ ਵਿੱਚ ਸ਼ਾਮਲ ਹੁੰਦੇ ਗਏ। ਕੇਂਦਰ ਸਰਕਾਰ ਜ਼ਾਹਰਾ ਤੌਰ ਉੱਤੇ ਇਹੋ ਜਿਹੇ ਮੋਰਚੇ ਬਾਰੇ ਲਾਪਰਵਾਹੀ ਵਿਖਾਉਂਦੀ ਰਹੀ, ਪਰ ਅੰਦਰ-ਖਾਤੇ ਇਸ ਮੋਰਚੇ ਨਾਲ ਨਿਪਟਣ ਦੀਆਂ ਸਬੀਲਾਂ ਸੋਚਦੀ ਰਹੀ ਤੇ ਇਸੇ ਕਾਰਨ ਕਿਸਾਨ ਮੋਰਚੇ ਦੇ ਆਗੂਆਂ ਨਾਲ ਪੰਜ ਕੁ ਵਾਰ ਮੀਟਿੰਗਾਂ ਵੀ ਲਾ ਲਈਆਂ। ਇਨ੍ਹਾਂ ਮੀਟਿੰਗਾਂ ਵਿੱਚੋਂ ਭਾਵੇਂ ਬਹੁਤਾ ਕੁਝ ਨਹੀਂ ਨਿਕਲ ਸਕਿਆ, ਫਿਰ ਵੀ ਸਰਕਾਰ ਦੀ ਹਕੀਕੀ ਹੈਸੀਅਤ ਇਸ ਦੇਸ਼ ਦੇ ਲੋਕਾਂ ਸਾਹਮਣੇ ਆ ਗਈ ਹੈ।

ਕਿਸਾਨਾਂ ਅਤੇ ਕੇਂਦਰ ਦੇ ਤਿੰਨ ਮੰਤਰੀਆਂ ਵਿਚਾਲੇ ਹੋਈਆਂ ਇਨ੍ਹਾਂ ਮੀਟਿੰਗਾਂ ਵਿੱਚੋਂ ਤਿੰਨ ਦਸੰਬਰ ਵਾਲੀ ਮੀਟਿੰਗ ਵਿੱਚ ਇੱਕ ਮੌਕਾ ਏਦਾਂ ਦਾ ਆਇਆ, ਜਦੋਂ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕੁਝ ਕਿਸਾਨ ਪੱਖੀ ਸਟੈਂਡ ਦਾ ਪ੍ਰਭਾਵ ਜਿਹਾ ਬਣਾਉਣਾ ਚਾਹਿਆ। ਉਸ ਨੇ ਇਹ ਵੀ ਕਹਿ ਦਿੱਤਾ ਕਿ ਉਹ ਕਿਸਾਨਾਂ ਦੇ ਦੁੱਖ ਸਮਝਦਾ ਹੈ ਅਤੇ ਉਨ੍ਹਾਂ ਦਾ ਨੁਕਸਾਨ ਨਹੀਂ ਚਾਹੁੰਦਾ ਅਤੇ ਹੋਰ ਅੱਗੇ ਵਧ ਕੇ ਕਿਸਾਨ ਆਗੂ ਜੋ ਕੁਝ ਕਹਿ ਰਹੇ ਹਨ, ਉਸ ਨਾਲ ਸਹਿਮਤ ਹੋਣ ਵਾਲਾ ਸੰਕੇਤ ਵੀ ਉਸ ਨੇ ਕਰ ਦਿੱਤਾ। ਕਿਸਾਨ ਆਗੂਆਂ ਲਈ ਇਹ ਇੱਕ ਚੰਗਾ ਸੰਕੇਤ ਸੀ, ਪਰ ਦੋ ਕੁ ਮਿੰਟ ਬਾਅਦ ਉਹ ਚੱਲਦੀ ਮੀਟਿੰਗ ਵਿੱਚੋਂ ਬਾਹਰ ਗਿਆ ਤੇ ਦੂਸਰੇ ਕਮਰੇ ਵਿੱਚ ਖੜੋ ਕੇ ਕਿਸੇ ਉੱਪਰਲੇ ਨਾਲ ਫੋਨ ਉੱਤੇ ਗੱਲ ਕਰ ਲਈ ਤਾਂ ਵਾਪਸ ਆਣ ਕੇ ਉਸ ਦੀ ਭਾਸ਼ਾ ਬਦਲ ਗਈ। ਉਸ ਨੇ ਬਿਨਾ ਕੋਈ ਲੁਕਾਅ ਰੱਖੇ ਤੋਂ ਇਹ ਗੱਲ ਕਹਿ ਦਿੱਤੀ ਕਿ ਅੱਜ ਅਸੀਂ ਤੁਹਾਡੀ ਗੱਲ ਮੰਨ ਲਈਏ ਤਾਂ ਕੱਲ੍ਹ ਨੂੰ ਕਾਰ-ਪੋਰੇਟ ਘਰਾਣੇ ਨਾਰਾਜ਼ ਹੋ ਜਾਣਗੇ। ਕਿਸਾਨ ਲੀਡਰਸ਼ਿਪ ਹੈਰਾਨ ਹੋ ਗਈ ਕਿ ਖੇਤੀ ਮੰਤਰੀ ਏਡੀ ਵੱਲ ਗੱਲ ਕਹਿ ਗਿਆ ਹੈ। ਇਸ ਦੇ ਬਾਅਦ ਮੀਟਿੰਗ ਉੱਠ ਗਈ, ਪਰ ਦੇਸ਼ ਦੇ ਲੋਕਾਂ ਨੂੰ ਇਹ ਪਤਾ ਲੱਗ ਗਿਆ ਕਿ ਨਰਿੰਦਰ ਮੋਦੀ ਸਰਕਾਰ ਨੂੰ ਕਰੋੜਾਂ ਕਿਸਾਨਾਂ ਤੇ ਉਨ੍ਹਾਂ ਦੇ ਪਰਵਾਰਾਂ ਦੀ ਚਿੰਤਾ ਨਹੀਂ, ਸਾਰੀ ਚਿੰਤਾ ਇਸ ਗੱਲ ਦੀ ਹੈ ਕਿ ਵੱਡੇ ਕਾਰ-ਪੋਰੇਟ ਘਰਾਣੇ ਨਾਰਾਜ਼ ਨਾ ਹੋ ਜਾਣ। ਇਹ ਗੱਲ ਮੀਡੀਏ ਵਿੱਚ ਵੀ ਚਰਚਾ ਦਾ ਵਿਸ਼ਾ ਬਣੀ। ਅਸੀਂ ਸਮਝਦੇ ਸੀ ਕਿ ਅਗਲੀ ਵਾਰੀ ਕੋਈ ਮੀਟਿੰਗ ਹੋਈ ਤਾਂ ਮੰਤਰੀ ਇਸ ਤਰ੍ਹਾਂ ਦੀ ਕੋਈ ਗੱਲ ਕਹਿਣ ਤੋਂ ਪਹਿਲਾਂ ਸੌ ਵਾਰ ਸੋਚਣਗੇ, ਤਾਂ ਕਿ ਉਨ੍ਹਾਂ ਦੀ ਸਰਕਾਰ ਦੀ ਬਦਨਾਮੀ ਨਾ ਹੋਵੇ, ਪਰ ਗੱਲ ਹੋਰ ਵਧ ਗਈ। ਅਗਲੀ ਮੀਟਿੰਗ ਪੰਜ ਤਰੀਕ ਨੂੰ ਹੋਈ ਤਾਂ ਓਸੇ ਖੇਤੀ ਮੰਤਰੀ ਦੇ ਮੂੰਹੋਂ ਇਹ ਨਿਕਲ ਗਿਆ ਕਿ ਅੱਜ ਤੁਸੀਂ ਜ਼ੋਰ ਦੇਂਦੇ ਹੋ, ਭਲਕ ਨੂੰ ਏਸੇ ਤਰ੍ਹਾਂ ਜ਼ੋਰ ਦੇਣ ਲਈ ਅੰਬਾਨੀ ਅਤੇ ਅਡਾਨੀ ਆਣ ਕੇ ਸਾਡੇ ਦੁਆਲੇ ਹੋ ਜਾਣਗੇ। ਦੋ ਵੱਡੇ ਪੂੰਜੀਪਤੀਆਂ ਮੁਕੇਸ਼ ਅੰਬਾਨੀ ਅਤੇ ਗੌਤਮ ਅਡਾਨੀ ਦਾ ਇਸ ਤਰ੍ਹਾਂ ਦਾ ਜ਼ਿਕਰ ਵੀ ਭਾਰਤ ਦੇ ਖੇਤੀ ਮੰਤਰੀ ਨੇ ਬੜੇ ਸਹਿਜ ਭਾਅ ਨਾਲ ਕਰ ਦਿੱਤਾ।

ਕੁਝ ਲੋਕਾਂ ਦਾ ਖਿਆਲ ਸੀ, ਅਤੇ ਸਾਡਾ ਆਪਣਾ ਵੀ ਪਹਿਲਾਂ ਇਹੋ ਖਿਆਲ ਸੀ, ਕਿ ਮੰਤਰੀ ਦੇ ਮੂੰਹੋਂ ਐਵੇਂ ਇਹ ਗੱਲ ਨਿਕਲੀ ਹੋ ਸਕਦੀ ਹੈ, ਪਰ ਬਾਅਦ ਦੇ ਹਾਲਾਤ ਨੇ ਸਾਬਤ ਕੀਤਾ ਕਿ ਗੱਲ ਮੂੰਹ ਤੋਂ ਐਵੇਂ ਨਹੀਂ ਨਿਕਲੀ, ਸਗੋਂ ਇੱਕ ਹਕੀਕਤ ਦਾ ਸੰਕੇਤ ਸੀ ਕਿ ਸਰਕਾਰ ਲਈ ਉਹ ਦੋ ਘਰਾਣੇ ਪਹਿਲਾਂ ਹਨ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਓਸੇ ਦਿਨ ਸ਼ਾਮ ਵੇਲੇ ਆਪਣੇ ਭਾਸ਼ਣ ਵਿੱਚ ਉਹ ਮਹਿਕਮੇ ਗਿਣਵਾ ਦਿੱਤੇ, ਜਿਹੜੇ ਨਰਿੰਦਰ ਮੋਦੀ ਸਰਕਾਰ ਨੇ ਮੁਕੇਸ਼ ਅੰਬਾਨੀ ਦੇ ਘਰਾਣੇ ਨੂੰ ਇਸ ਤਰ੍ਹਾਂ ਸੌਂਪੇ ਸਨ ਕਿ ਉਨ੍ਹਾਂ ਵਿੱਚ ਹੋਰ ਕੋਈ ਮੁਕਾਬਲੇਬਾਜ਼ ਨਾ ਰਹੇ ਅਤੇ ਉਹ ਮਹਿਕਮੇ ਵੀ ਗਿਣ ਦਿੱਤੇ, ਜਿਨ੍ਹਾਂ ਵਿੱਚ ਗੌਤਮ ਅਡਾਨੀ ਲਈ ਚੁਣੌਤੀ ਤੋਂ ਸੱਖਣਾ ਮੈਦਾਨ ਪੇਸ਼ ਕੀਤਾ ਹੋਇਆ ਸੀ। ਉਸ ਨੇ ਕਿਸਾਨਾਂ ਨੂੰ ਕਹਿ ਦਿੱਤਾ ਕਿ ਦੇਸ਼ ਦੀ ਇਸ ਵਕਤ ਦੀ ਸਰਕਾਰ ਬਿਨਾਂ ਕਿਸੇ ਓਹਲੇ ਤੋਂ ਇਨ੍ਹਾਂ ਦੋ ਘਰਾਣਿਆਂ ਦੇ ਲਈ ਸਾਰੇ ਮੁਲਕ ਨੂੰ ਕੁਰਬਾਨ ਕਰਨ ਉੱਤੇ ਉਤਾਰੂ ਹੈ ਅਤੇ ਕਿਸੇ ਵੀ ਹੱਦ ਤੱਕ ਜਾਣ ਵਾਲਾ ਖਤਰਨਾਕ ਕਦਮ ਪੁੱਟ ਸਕਦੀ ਹੈ।

ਕੇਂਦਰ ਸਰਕਾਰ ਨਾਲ ਕਿਸਾਨਾਂ ਦੀਆਂ ਮੀਟਿੰਗਾਂ ਦੇ ਪਹਿਲੇ ਚਾਰ ਗੇੜਾਂ ਵਿੱਚ ਇਹ ਗੱਲ ਭਾਰੂ ਰਹੀ ਕਿ ਭਾਰਤ ਦੇ ਸੰਵਿਧਾਨ ਨੇ ਖੇਤੀ ਅਤੇ ਮੰਡੀਕਰਨ ਦੋਵੇਂ ਖੇਤਰ ਰਾਜਾਂ ਦੇ ਵਿਸ਼ਿਆਂ ਦੀ ਸੂਚੀ ਵਿੱਚ ਰੱਖੇ ਹਨ ਤਾਂ ਕੇਂਦਰ ਸਰਕਾਰ ਇਨ੍ਹਾਂ ਦੇ ਬਾਰੇ ਕੋਈ ਕਾਨੂੰਨ ਬਣਾ ਹੀ ਨਹੀਂ ਸਕਦੀ। ਕੇਂਦਰ ਸਰਕਾਰ ਦੇ ਮੰਤਰੀਆਂ ਨੇ ਕਦੇ ਵੀ ਇਸ ਦਾ ਕੋਈ ਖੰਡਨ ਕਰਨ ਦੀ ਲੋੜ ਨਹੀਂ ਸੀ ਸਮਝੀ, ਪਰ ਅੱਠ ਦਸੰਬਰ ਦੇ ਭਾਰਤ-ਬੰਦ ਦੇ ਬਾਅਦ ਹੋਈ ਮੀਟਿੰਗ ਵਿੱਚ ਅਗਲੀ ਕਹਾਣੀ ਲੈ ਆਏ ਕਿ ਸਰਕਾਰ ਨੇ ਜੋ ਕੁਝ ਕੀਤਾ ਹੈ, ਕੇਂਦਰ ਸਰਕਾਰ ਵਾਲੀ ਸੂਚੀ ਮੁਤਾਬਕ ਕੀਤਾ ਹੈ। ਪਹਿਲੀਆਂ ਮੀਟਿੰਗ ਵਿੱਚ ਕੇਂਦਰੀ ਮੰਤਰੀ ਪਿਊਸ਼ ਗੋਇਲ ਦਾ ਬੈਠਣਾ ਇਸ ਲਈ ਜ਼ਰੂਰੀ ਮੰਨਿਆ ਜਾਂਦਾ ਸੀ ਕਿ ਕਿਸਾਨਾਂ ਨੇ ਰੇਲ ਲਾਈਨਾਂ ਰੋਕੀਆਂ ਹਨ ਤੇ ਉਹ ਰੇਲਵੇ ਮੰਤਰੀ ਹੋਣ ਕਾਰਨ ਗੱਲਬਾਤ ਦੀ ਇੱਕ ਧਿਰ ਹੈ, ਪਰ ਏਥੇ ਆ ਕੇ ਉਸ ਦੀ ਭੂਮਿਕਾ ਵੀ ਸਰਕਾਰ ਨੇ ਨਵੇਂ ਸਿਰੇ ਤੋਂ ਦੱਸ ਦਿੱਤੀ। ਮੰਤਰੀਆਂ ਨੇ ਨੌਂ ਦਸੰਬਰ ਨੂੰ ਮੀਡੀਆ ਕਾਨਫਰੰਸ ਵਿੱਚ ਕਿਹਾ ਕਿ ਖੇਤੀ ਅਤੇ ਮੰਡੀਕਰਨ ਤਾਂ ਰਾਜ ਸਰਕਾਰਾਂ ਦਾ ਵਿਸ਼ਾ ਹੈ, ਪਰ ਨਵੇਂ ਕਾਨੂੰਨ ਉਸ ਲਿਸਟ ਮੁਤਾਬਕ ਨਹੀਂ, ਉਸ ਕੇਂਦਰੀ ਸੂਚੀ ਮੁਤਾਬਕ ਹਨ, ਜਿੱਥੇ ਵਪਾਰ ਵੀ ਦਰਜ ਹੈ ਤੇ ਇਹ ਕਾਨੂੰਨ ਖੇਤੀਬਾੜੀ ਨਾਲ ਸੰਬੰਧਤ ਨਹੀਂ, ਫਸਲ ਦੇ ਵਪਾਰ ਨਾਲ ਸੰਬੰਧਤ ਹੋਣ ਕਾਰਨ ਏਥੇ ਪਿਊਸ਼ ਗੋਇਲ ਰੇਲਵੇ ਮੰਤਰੀ ਦੀ ਹੈਸੀਅਤ ਵਿੱਚ ਨਹੀਂ, ਵਪਾਰ ਮੰਤਰੀ ਵਜੋਂ ਗੱਲਬਾਤ ਵਿੱਚ ਬੈਠਦਾ ਹੈ। ਇਸ ਦੌਰਾਨ ਚਰਚਾ ਦਾ ਕੇਂਦਰ ਬਣੇ ਅਡਾਨੀ ਕਾਰਪੋਰੇਟ ਘਰਾਣੇ ਦਾ ਬਿਆਨ ਵੀ ਮੰਤਰੀਆਂ ਦੀ ਮੀਡੀਆ ਕਾਨਫਰੰਸ ਦੇ ਨਾਲ ਆ ਗਿਆ ਕਿ ਨਾ ਉਹ ਖੇਤੀਬਾੜੀ ਕਰਨ ਵਾਲੇ ਹਨ ਤੇ ਨਾ ਹੀ ਫਸਲ ਦਾ ਕਾਰੋਬਾਰ ਕਰਨਾ ਹੈ, ਉਨ੍ਹਾਂ ਨੇ ਸਿਰਫ ਫੂਡ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਖਰੀਦੀਆਂ ਫਸਲਾਂ ਦੀ ਸਟੋਰੇਜ ਦਾ ਕੰਮ ਕਰਨਾ ਹੈ, ਜਿਸ ਦਾ ਠੇਕਾ ਪਹਿਲਾਂ ਹੋ ਚੁੱਕਾ ਹੈ।

ਕਿਸਾਨਾਂ ਨਾਲ ਮੀਟਿੰਗਾਂ ਵਿੱਚ ਪਹਿਲਾਂ ਇਹ ਗੱਲ ਦੋ ਵਾਰ ਕਹਿਣਾ ਕਿ ਫਲਾਣਾ-ਫਲਾਣਾ ਦੋ ਘਰਾਣੇ ਨਾਰਾਜ਼ ਹੋਣ ਦਾ ਡਰ ਹੈ, ਫਿਰ ਦੋ ਮੰਤਰੀਆਂ ਦੀ ਮੀਡੀਆ ਕਾਨਫਰੰਸ ਅਤੇ ਉਨ੍ਹਾਂ ਦੋਵਾਂ ਵਿੱਚੋਂ ਇੱਕ ਘਰਾਣੇ ਦਾ ਸਪੱਸ਼ਟੀਕਰਨ ਇੱਕੋ ਦਿਨ ਜਾਰੀ ਹੋਣਾ ਦੱਸਦਾ ਹੈ ਕਿ ਦੋਵੇਂ ਧਿਰਾਂ ਮੁਕੰਮਲ ਤਾਲਮੇਲ ਨਾਲ ਚੱਲ ਰਹੀਆਂ ਹਨ। ਇਹੀ ਕਾਰਨ ਹੈ ਕਿ ਭਾਰਤ ਦੀ ਮੌਜੂਦਾ ਸਰਕਾਰ ਇਸ ਵੇਲੇ ਗੱਲਬਾਤ ਕਰਨ ਦੇ ਬਹਾਨੇ ਕਿਸਾਨਾਂ ਨੂੰ ਖੱਜਲ ਕਰ ਰਹੀ ਹੈ। ਸਰਕਾਰਾਂ ਪਹਿਲਾਂ ਵੀ ਭਾਰਤ ਦੇ ਕਾਰਪੋਰੇਟ ਘਰਾਣਿਆਂ ਦੀ ਸਰਪ੍ਰਸਤੀ ਜਾਂ ਖਿਦਮਤ ਕਰਦੀਆਂ ਸਨ, ਪਰ ਨਰਿੰਦਰ ਮੋਦੀ ਸਰਕਾਰ ਜਿਹੜੀ ਹੱਦ ਤੱਕ ਚਲੀ ਗਈ ਹੈ, ਇਸ ਹੱਦ ਤੱਕ ਕਦੇ ਕੋਈ ਸਰਕਾਰ ਨਹੀਂ ਸੀ ਗਈ, ਮੋਦੀ ਦੇ ਵੱਡੇ ਆਗੂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੀ ਏਨੀ ਬੇਸ਼ਰਮੀ ਨਾਲ ਇਨ੍ਹਾਂ ਘਰਾਣਿਆਂ ਦੀ ਚਾਕਰੀ ਕਰਨ ਤੱਕ ਨਹੀਂ ਜਾ ਸਕੀ ਸੀ। ਇਸ ਤਰ੍ਹਾਂ ਕਿਸਾਨਾਂ ਦੇ ਨਾਲ ਸਰਕਾਰ ਦੀਆਂ ਮੀਟਿੰਗਾਂ ਵਿੱਚੋਂ ਹੋਰ ਕੁਝ ਭਾਵੇਂ ਨਹੀਂ ਨਿਕਲਿਆ, ਮੋਦੀ ਸਰਕਾਰ ਦਾ ਇਕਬਾਲਨਾਮਾ ਮਿਲ ਗਿਆ ਹੈ ਕਿ ਇਹ ਸਰਕਾਰ ਦੇਸ਼ ਦੇ ਲੋਕਾਂ ਦੀ ਬਜਾਏ ਦੋ ਪੂੰਜੀਪਤੀ ਟੱਬਰਾਂ ਲਈ ਕੰਮ ਕਰ ਰਹੀ ਹੈ। ਸਰਕਾਰ ਵੱਲੋਂ ਲਏ ਇਹੋ ਜਿਹੇ ਪੈਂਤੜੇ ਨੇ ਦੇਸ਼ ਦੇ ਭਵਿੱਖ ਦੇ ਜਿਹੜੇ ਸੰਕੇਤ ਦੇ ਦਿੱਤੇ ਹਨ, ਉਹ ਸਿੱਧਾ ਨਿਘਾਰ ਵੱਲ ਜਾਣ ਵਾਲੇ ਹਨ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695















# ਇਕ ਕਰਮਯੋਗੀ ਦੀ ਕਥਾ



-ਜਰਨੈਲ ਸਿੰਘ ਸੇਖਾ-

ਉਹ ਆਪਣੇ ਬਾਪ ਦਾ ਜੇਠਾ ਪੁੱਤਰ ਸੀ ਤੇ ਸੀ ਵੀ ਹੁੰਦੜ-ਹੇਲ। ਅਜੇ ਉਹ ਦਸ ਗਿਆਰਾਂ ਸਾਲ ਦਾ ਹੀ ਹੋਇਆ ਸੀ, ਜਦੋਂ ਉਸ ਦੇ ਹੱਥ ਵਿਚ ਹਲ਼ ਦੀ ਹੱਥੀ ਫੜਾ ਦਿੱਤੀ ਗਈ, ਭਾਵੇਂ ਕਿ ਉਹ ਆਪ ਅਜੇ ਮਸਾਂ ਹੀ ਹਲ਼ ਦੇ ਮੁੰਨੇ ਬਰਾਬਰ ਹੋਇਆ ਸੀ। ਉਹ ਕੋਈ ਸ਼ੌਕ ਨਾਲ ਹਲ਼ ਵਾਹੁਣ ਨਹੀਂ ਸੀ ਜਾਂਦਾ ਸਗੋਂ ਉਸ ਨੂੰ ਉਹਦੇ ਦਾਦੇ ਨੇ ਹਲ਼ ਮਗਰ ਲਾਇਸ਼ਾ ਸੀ। ਕਾਰਨ ਇਹ ਸੀ ਕਿ ਉਸ ਦਾ ਦਾਦਾ ਬੜਾ ਕਾਨੂੰਨੀ ਸੀ। ਉਹ ਪਿੰਡ ਦੀਆਂ ਜ਼ਮੀਨਾਂ ਦੇ ਝਗੜੇ ਮੁੱਲ ਲੈ ਲੈਂਦਾ ਸੀ। ਭਾਵ; ਝਗੜੇ ਵਾਲੀ ਜ਼ਮੀਨ ਦੇ ਮਾਲਕ ਨਾਲ ਇਕਰਾਰਨਾਮਾ ਕਰ ਲੈਂਦਾ ਸੀ ਕਿ ਜਿੱਤ ਜਾਣ ਦੀ ਸੂਰਤ ਵਿਚ ਕੁਝ ਜ਼ਮੀਨ ਦਾ ਹਿੱਸਾ ਗਹਿਣੇ ਜਾਂ ਬੈਅ ਲੈ ਲਵੇਗਾ। ਫਿਰ ਉਸ ਕੋਲੋਂ ਮੁਖਤਿਆਰਨਾਮਾ ਲੈ ਕੇ ਆਪ ਤਹਿਸੀਲ, (ਮੋਗਾ), ਜ਼ਿਲੇ (ਫੀਰੋਜ਼ਪੁਰ) ਤੇ ਰਾਜਧਾਨੀ (ਲਾਹੌਰ) ਤਕ ਤਰੀਕਾਂ ਭੁਗਤਣ ਜਾਂਦਾ ਰਹਿੰਦਾ ਸੀ। ਇਸ ਤਰ੍ਹਾਂ ਉਸ ਨੇ ਆਪਣੀ ਦਸ ਘੁਮਾਂ ਜੱਦੀ ਜ਼ਮੀਨ ਦੇ ਨਾਲ ਕੁਝ ਹੋਰ ਜ਼ਮੀਨ ਬੈਅ ਜਾਂ ਗਹਿਣੇ ਰਖਵਾ ਕੇ ਦੋ ਹਲ਼ ਦੀ ਵਾਹੀ ਕਰ ਲਈ ਹੋਈ ਸੀ।

ਮੇਰੇ ਪੜਦਾਦੇ ਦੇ ਦੋ ਪੁੱਤਰ ਤੇ ਇਕ ਧੀ ਸੀ। ਵੱਡੇ ਪੁੱਤਰ ਦੀ ਤੇਰਾਂ ਚੌਦਾਂ ਸਾਲ ਦੀ ਉਮਰ ਵਿਚ ਹੀ ਮੌਤ ਹੋ ਗਈ ਸੀ ਅਤੇ ਦੂਜਾ ਪੁੱਤਰ, ਮੇਰਾ ਦਾਦਾ ਇਕੱਲਾ ਰਹਿ ਗਿਆ। ਇਕ ਤਾਂ ਉਹ ਛੋਟਾ ਹੋਣ ਕਰਕੇ ਪਹਿਲਾਂ ਹੀ ਲਾਡਲਾ ਰੱਖਿਆ ਹੋਇਆ ਸੀ। ਵੱਡੇ ਪੁੱਤਰ ਦੇ ਮਰਨ ਤੋਂ ਬਾਅਦ ਉਸ ਵੱਲ ਹੋਰ ਵੀ ਬਹੁਤਾ ਧਿਆਨ ਦਿੱਤਾ ਜਾਣ ਲੱਗਾ। ਉਸ ਨੂੰ ਕਦੀ ਵੀ ਕੰਮ ਕਰਨ ਲਈ ਨਹੀਂ ਸੀ ਆਖਿਆ ਜਾਂਦਾ। ਕਈ ਬੱਚੇ ਤਾਂ ਇੰਨੇ ਲਾਡ ਨਾਲ ਵਿਗੜ ਜਾਂਦੇ ਹਨ ਪਰ ਉਹ ਸਾਧੂ ਸੁਭਾਅ ਦਾ ਬੰਦਾ ਸੀ। ਖੇਤਾਂ ਵੱਲ ਜਾਂਦਾ ਤਾਂ ਤੋਰੀਆਂ, ਕੱਦੂਆਂ, ਅੱਲਾਂ ਆਦਿ ਸਬਜ਼ੀਆਂ ਦੇ ਬੀਜ ਦਰਖ਼ੱਤਾਂ ਦੀਆਂ ਜੜਾਂ 'ਚ ਲਾ ਜਾਂਦਾ। ਟਿੰਡੋਆਂ, ਭਿੰਡੀਆਂ ਦੇ ਬੀਜ ਦੂਸਰਿਆਂ ਦੀਆਂ ਕਪਾਹਾਂ ਵਿਚ ਵੀ ਬੀਜ ਦਿੰਦਾ। ਛੋਟੀ ਉਮਰ ਵਿਚ ਹੀ ਉਸ ਦਾ ਵਿਆਹ ਕਰ ਦਿੱਤਾ। ਉਸ ਦੇ ਇਕ ਧੀ ਅਤੇ ਚਾਰ ਪੁੱਤਰ ਹੋਏ। ਪੜਦਾਦੇ ਨੇ ਬੜੇ ਲਾਡਾਂ ਮਲ੍ਹਾਰਾਂ ਨਾਲ ਪਾਲ਼ੇ ਆਪਣੇ ਇਕੋਲਤੇ ਪੁੱਤਰ ਨੂੰ ਬਚਪਨ ਤੋਂ ਹੀ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਉਣ ਦਿੱਤਾ। ਜਵਾਨੀ ਪਹਿਰੇ ਵੀ ਉਸ ਨੂੰ ਖੇਤੀ ਬਾੜੀ ਦੇ ਉਤਲੇ ਕੰਮਾਂ 'ਤੇ ਹੀ ਰੱਖਿਆ ਪਰ ਹਲ਼ ਦੀ ਹੱਥੀ ਨਾ ਫੜਾਈ। ਉਸ ਨੂੰ ਤਾਂ ਹਲ਼ ਦੀ ਹੱਥੀ ਨਾ ਫੜਾਈ ਪਰ ਅਗਾਂਹ ਉਸ ਦੇ ਜੇਠੇ ਪੁੱਤਰ ਨੂੰ ਸਕੂਲ ਘੱਲਣ ਦੀ ਥਾਂ ਹਲ਼ ਮਗਰ ਲਾ ਦਿੱਤਾ ਸੀ। ਛੋਟੀ ਉਮਰ ਵਿਚ ਹਲ਼ ਦੀ ਹੱਥੀ ਫੜਨ ਵਾਲਾ ਸ. ਮੁਹਿੰਦਰ ਸਿੰਘ ਸਰਾ ਉਰਫ ਮੰਦਰ ਸਿੰਘ, ਮੇਰਾ ਬਾਪ ਸੀ ਜਿਸ ਨੂੰ ਅਸੀਂ 'ਬਾਈ' ਕਹਿੰਦੇ ਸੀ। ਉਸ ਦਾ ਜਨਮ ਵੀਹਵੀਂ ਸਦੀ ਚੜ੍ਹਨ ਦੇ ਸਾਲ ਹੋਇਆ ਸੀ। ਉਸ ਦੇ ਦੱਸਣ ਅਨੁਸਾਰ, "ਮੈਂ ਵੱਡੀ ਜੰਗ ਲੱਗਣ ਤੋਂ ਬਹੁਤ ਪਹਿਲਾਂ ਹਲ਼ ਵਾਹਕ ਬਣ ਗਿਆ ਸੀ।"

ਪੜਦਾਦੇ ਵਲੋਂ ਬਾਈ ਨੂੰ ਆਪਣੇ ਸੀਰੀ ਨਾਲ ਹਲ ਵਾਹੁਣ ਲਈ ਤੋਰ ਦਿੱਤਾ ਜਾਂਦਾ ਸੀ। ਇਕ ਦਿਨ ਸੀਰੀ ਕੁਝ ਢਿੱਲਾ ਸੀ। ਉਸ ਨੇ ਆਪਣੇ ਮੁੰਡੇ ਨੂੰ ਕੰਮ 'ਤੇ ਘੱਲ ਦਿੱਤਾ ਜਿਹੜਾ ਬਾਈ ਦਾ ਹਾਣੀ ਸੀ। ਉਸ ਦਿਨ ਉਹ ਬੰਬੀਹਾ ਭਾਈ ਦੇ ਰਾਹ 'ਤੇ ਬੂਰ ਆਲੀ ਛੱਪੜੀ ਕੋਲ, ਹਲ਼ ਵਾਹ ਰਹੇ ਸਨ। ਉਨ੍ਹਾਂ ਨੂੰ ਹਲ ਵਾਹੁੰਦਿਆਂ ਦੇਖ ਰਾਹ ਜਾਂਦੇ ਰਾਹੀਆਂ ਵਿਚੋਂ ਇਕ ਬੋਲਿਆ, "ਉਧਰ ਦੇਖ, ਜੁਆਕਾਂ ਦੇ ਹੱਥ ਤਾਂ ਹੱਥੀ ਤਾਈਂ ਅਪੜਦੇ ਨਈਂ ਤੇ ਹਲ਼ ਵਾਹੁਣ ਲੱਗੇ ਹੋਏ ਨੇ।"

"ਇਹਨਾਂ ਮਛੋਹਰਾਂ ਦੇ ਮਾਂ ਪਿਉ ਨਹੀਂ ਹੋਣੇ।" ਦੂਜੇ ਨੇ ਜਵਾਬ ਦਿੱਤਾ।

ਬਾਈ ਨੇ ਰਾਹੀਆਂ ਦੀ ਗੱਲ ਤਾਂ ਸੁਣ ਲਈ ਸੀ ਪਰ ਉਸ ਅੱਗੋਂ ਕੁਝ ਨਹੀਂ ਸੀ ਕਿਹਾ। ਉਸ ਨੂੰ 'ਮਛੋਹਰ' ਦੇ ਮਤਲਬ ਦਾ ਵੀ ਪਤਾ ਨਹੀਂ ਸੀ। ਉਸ ਨੇ ਘਰ ਜਾ ਕੇ ਆਪਣੀ ਦਾਦੀ ਕੋਲੋਂ ਪੁੱਛਿਆ ਕਿ 'ਮਛੋਹਰ' ਕਿਸ ਨੂੰ ਆਖਦੇ ਹਨ?

"ਜਿਸ ਮੁੰਡੇ ਦੀ ਮਾਂ ਮਰੀ ਹੋਵੇ, ਉਹਨੂੰ ਮਛੋਰ੍ਹ ਕਹਿੰਦੇ ਐ।" ਉਸ ਦੀ ਮਾਂ ਮਰ ਗਈ ਹੋਣ ਕਰ ਕੇ ਦਾਦੀ ਨੇ ਸਮਝਿਆ ਕਿਸੇ ਤੀਵੀਂ ਨੇ ਉਸ ਲਈ ਕੁਝ ਹਮਦਰਦੀ ਦੇ ਬੋਲ ਬੋਲੇ ਹੋਣਗੇ।

"ਪਰ ਉਹ ਤਾਂ ਕਹਿੰਦੇ ਸੀ, ਇਹਨਾਂ ਦੇ ਮਾਂ ਪਿਉ ਮਰ ਗਏ ਹੋਣਗੇ।"

"ਕੀਹਨੇ ਕਿਹਾ ਇਹ ਤੈਨੂੰ, ਮੈਂ ਉਹਨੂੰ ਪੁੱਛਾਂ ਜਾ ਕੇ!" ਉਹਦੀ ਦਾਦੀ ਗੁੱਸੇ ਵਿਚ ਬੋਲੀ।

"ਬੂਰ ਆਲੀ ਕੋਲ ਬੰਬੀਹੇ ਵਲ ਨੂੰ ਰਾਹ ਜਾਂਦੇ ਰਾਹੀਆਂ ਨੇ ਸਾਨੂੰ ਮਛੋਹਰ ਕਿਹਾ ਸੀ।" ਮੁੰਡੇ ਨੇ ਬੜਾ ਭੋਲ਼ਾ ਜਿਹਾ ਮੂੰਹ ਬਣਾ ਕੇ ਕਿਹਾ। ਉਸ ਦੀ ਦਾਦੀ ਨੇ ਫਿਰ ਕੁਝ ਨਹੀਂ ਸੀ ਕਿਹਾ। ਉਸ ਨੂੰ ਬੁੱਕਲ ਵਿਚ ਲੈ ਕੇ ਰੋਣ ਲੱਗ ਪਈ ਸੀ। ਸ਼ਾਇਦ ਉਸ ਨੂੰ ਆਪਣੇ ਪੋਤਰੇ 'ਤੇ ਤਰਸ ਆ ਗਿਆ ਹੋਵੇ। ਉਸ ਦੀ ਮਾਂ ਮਰੀ ਨੂੰ ਬਹੁਤਾ ਚਿਰ ਨਹੀਂ ਸੀ ਹੋਇਆ। ਉਂਞ ਵੀ ਉਸ ਦੀ ਮਾਂ ਦੀ ਦੋ ਵਾਰ ਮੌਤ ਹੋਈ ਸੀ। ਇਕ ਵਾਰ ਉਸ ਦੀ ਉਦੋਂ ਮੌਤ ਹੋ ਗਈ, ਜਦੋਂ ਉਸ ਦੇ ਇਕ ਧੀ ਤੇ ਦੋ ਪੁੱਤਰ ਸਨ। ਉਹ ਸਾਰੀ ਰਾਤ ਮਰੀ ਰਹੀ ਸੀ। ਜਦੋਂ ਸਵੇਰ ਸਮੇਂ ਉਸ ਨੂੰ ਸ਼ਮਸ਼ਾਨ ਘਾਟ ਲਿਜਾਣ ਲਈ ਔਰਤਾਂ ਇਸ਼ਨਾਨ ਕਰਾਉਣ ਲੱਗੀਆਂ ਤਾਂ ਇਕ ਸਿਆਣੀ ਔਰਤ ਨੂੰ ਉਸ ਦਾ ਸਰੀਰ ਕੁਝ ਨਿੱਘਾ ਜਿਹਾ ਮਹਿਸੂਸ ਹੋਇਆ। ਉਸ ਨੇ ਅੱਖਾਂ ਨੂੰ ਉਘਾੜ ਕੇ ਦੇਖਿਆ ਤਾਂ ਅੱਖਾਂ ਦੀਆਂ ਪੁਤਲੀਆਂ ਵਿਚ ਵੀ ਮਾਮੂਲੀ ਜਿਹੀ ਹਰਕਤ ਦਿਸੀ। ਅਸਲ ਵਿਚ ਉਸ ਦੀ ਮੌਤ ਨਹੀਂ ਸੀ ਹੋਈ, ਦਿਲ ਦੀ ਧੜਕਣ ਕੁਝ ਸਮਾਂ ਬੰਦ ਜੋ ਜਾਣ ਕਾਰਨ ਉਹ ਡੂੰਘੀ ਬੇਹੋਸ਼ੀ ਵਿਚ ਚਲੀ ਗਈ ਸੀ ਜਿਸ ਕਾਰਨ ਉਸ ਨੂੰ ਮਰੀ ਸਮਝ ਲਿਆ ਗਿਆ ਸੀ। ਜੇ ਦਿਨ ਦਾ ਸਮਾਂ ਹੁੰਦਾ ਤਾਂ ਹੋ ਸਕਦੈ ਕਿ ਉਸ ਦਾ ਸਸਕਾਰ ਕਰ ਦਿੱਤਾ ਜਾਂਦਾ। ਆਥਣ ਸਮੇਂ ਮਰੀ ਹੋਣ ਕਰ ਕੇ ਸਾਰੀ ਰਾਤ ਪਰਿਵਾਰ ਉਸ ਦੇ ਸਰਹਾਣੇ ਬੈਠਾ ਰਿਹਾ। ਸਵੇਰ ਸਮੇਂ ਉਹ ਡੂੰਘੀ ਬੇਹੋਸ਼ੀ 'ਚੋਂ ਬਾਹਰ ਆ ਗਈ। ਉਸ ਮਗਰੋਂ ਉਸ ਦੇ ਦੋ ਮੁੰਡੇ ਹੋਰ ਹੋਏ। ਛੋਟੇ ਮੁੰਡੇ ਦੇ ਜਨਮ ਤੋਂ ਬਾਅਦ ਉਹ ਫੇਰ ਕਿਸੇ ਗੰਭੀਰ ਬਿਮਾਰੀ ਕਾਰਨ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਈ। ਇਹੋ ਕਾਰਨ ਸੀ ਕਿ ਮਾਂ ਮਛੋਹਰ ਹੋ ਜਾਣ 'ਤੇ ਪੜਦਾਦੀ ਆਪਣੇ ਪੋਤਿਆਂ ਨੂੰ ਬਹੁਤ ਪਿਆਰ ਕਰਦੀ ਸੀ ਅਤੇ ਚੰਗਾ ਚੋਖਾ ਖਾਣ ਨੂੰ ਦਿੰਦੀ ਸੀ। ਖੇਤਾਂ ਵਿਚ ਕੰਮ ਕਰਦਾ ਹੋਣ ਕਾਰਨ ਪੜਦਾਦੀ ਉਸ ਦੀ ਖੁਰਾਕ ਦਾ ਬਹੁਤ ਖਿਆਲ ਰਖਦੀ ਸੀ। ਜਦੋਂ ਉਹ ਅਠਾਰਵੇਂ ਸਾਲ ਵਿਚ ਸੀ ਤਾਂ ਉਸ ਦਾ ਸਰੀਰ ਗੱਠਵਾਂ ਤੇ6 ਫੁੱਟ ਲੰਮਾ ਹੋ ਗਿਆ ਸੀ। ਉਸ ਦੀਆਂ ਬਾਹਾਂ ਗੋਡਿਆਂ ਤਕ ਲੰਮੀਆਂ ਸਨ। ਪਰ ਜਦੋਂ ਉਹਦੇ ਆਪਣੇ ਹਾਣੀਆਂ ਨਾਲ ਹੱਸਣ ਖੇਡਣ ਦਿਨ ਸਨ, ਉਹ ਰੌੜਾਂ ਵਿਚ ਖੇਡਣ ਦੀ ਥਾਂ ਖੇਤਾਂ ਵਿਚ ਹਲ਼ ਵਾਹ ਰਿਹਾ ਹੁੰਦਾ ਸੀ। ਮੇਰ ਬਾਪ ਦੂਜੀ ਸੰਸਾਰ ਜੰਗ ਸਮੇਂ ਫੌਜ ਵਿਚ ਭਰਤੀ ਹੋਣ ਵੀ ਚਲਾ ਗਿਆ ਸੀ ਪਰ ਜਦੋਂ ਪੜਦਾਦੇ ਨੂੰ ਪਤਾ ਲੱਗਾ ਤਾਂ ਉਹ ਫਿਰੋਜ਼ਪੁਰੋਂ ਜਾ ਕੇ ਮੋੜ ਲਿਆਇਆ ਸੀ।

ਮੇਰੇ ਬਾਪ ਤੋਂ ਦੂਜੇ ਨੰਬਰ ਵਾਲਾ ਮੁੰਡਾ, ਜਿਸ ਦਾ ਨਾਂ ਪਾਖਰ ਸਿੰਘ ਸੀ, ਪੜ੍ਹਨ ਲਾ ਦਿੱਤਾ ਗਿਆ। ਉਹ ਮਿਡਲ ਪਾਸ ਕਰਨ ਮਗਰੋਂ ਜੇ.ਵੀ. ਕਰ ਕੇ ਪ੍ਰਾਇਮਰੀ ਅਧਿਆਪਕ ਬਣ ਗਿਆ ਫਿਰ ਤਿੰਨ ਸਾਲ ਮਗਰੋਂ ਐਸ.ਵੀ. ਕਰ ਕੇ ਮਿਡਲ ਸਕੂਲ ਵਿਚ ਪੜ੍ਹਾਉਣ ਦੇ ਕਾਬਲ ਹੋ ਗਿਆ। ਉਹਦੇ ਦੂਸਰੇ ਦੋ ਛੋਟੇ ਭਰਾ, ਮੇਹਰ ਸਿੰਘ ਤੇ ਸ਼ੇਰ ਸਿੰਘ ਜਦੋਂ ਉਡਾਰ ਹੋਏ ਤਾਂ ਉਹ ਵੀ ਖੇਤੀ ਦੇ ਕੰਮਾਂ ਵਿਚ ਹੱਥ ਵਟਾਉਣ ਲੱਗੇ।

ਜਦੋਂ ਸਾਡੀ ਦਾਦੀ ਦੀ ਮੌਤ ਹੋ ਗਈ ਤਾਂ ਦਾਦੇ ਨੇ ਭਰ ਜਵਾਨੀ ਵਿਚ ਹੁੰਦਿਆਂ ਵੀ ਦੂਜਾ ਵਿਆਹ ਨਹੀਂ ਸੀ ਕਰਵਾਇਆ। ਪਰ ਮੇਰੇ ਬਾਪ ਦਾ ਵਿਆਹ 13 ਸਾਲ ਦੀ ਉਮਰ ਵਿਚ ਕਰ ਦਿੱਤਾ ਗਿਆ ਸੀ। ਮੁਕਲਾਵਾ 19ਵੇਂ ਸਾਲ ਵਿਚ ਲਿਆਂਦਾ। ਮਗਰੋਂ ਛੋਟੇ ਤਿੰਨੇ ਭਰਾ ਵੀ ਵਿਆਹੇ ਗਏ। ਸਾਡੇ ਪੜਦਾਦੇ ਤੇ ਪੜਦਾਦੀ ਦੀ ਮੌਤ ਆਪਣੇ ਪੜਪੋਤੇ ਪੋੜਪੋਤੀਆਂ ਨੂੰ ਖਿਡਾਉਂਦਿਆਂ ਹੋਈ ਸੀ।

ਪੜਦਾਦਾ ਤੇ ਪੜਦਾਦੀ ਦੀ ਮੌਤ ਮਗਰੋਂ ਇਸ ਘਰ ਦੀ ਚੜ੍ਹਤ ਮਾਂਦੀ ਪੈਣੀ ਸ਼ੁਰੂ ਹੋ ਗਈ। ਉਸ ਦਾ ਸਭ ਤੋਂ ਵੱਡਾ ਕਰਨ ਤਾਂ ਇਹ ਸੀ ਕਿ ਸਰ ਛੋਟੂ ਰਾਮ ਵੱਲੋਂ ਪਾਸ ਕਰਵਾਇਆ ਜ਼ਮੀਨੀ ਸੁਧਾਰ ਕਾਨੂੰਨ ਲਾਗੂ ਹੋ ਗਿਆ ਸੀ। ਕਾਨੂੰਨ ਇਹ ਸੀ ਕਿ 'ਕੋਈ ਵੀ ਗ਼ੈਰ ਕਾਸ਼ਤਕਾਰ ਕਿਸੇ ਕਾਸ਼ਤਕਾਰ ਦੀ ਜ਼ਮੀਨ ਨਹੀਂ ਸੀ ਲੈ ਸਕਦਾ। ਕਾਸ਼ਤਕਾਰ ਤੇ ਗ਼ੈਰਕਾਸ਼ਕਾਰ ਵੀ ਜਾਤ ਅਧਾਰਤ ਬਣਾ ਦਿੱਤੇ ਗਏ ਸਨ। ਜੱਟ ਤੇ ਕੁਝ ਹੋਰ ਜਾਤਾਂ ਤੋਂ ਬਿਨਾਂ ਦੂਜੀਆਂ ਜਾਤਾਂ ਵਾਲੇ ਭਾਵੇਂ ਕਿ ਉਹ ਖੇਤੀ ਵੀ ਕਰਦੇ ਹੋਣ, ਕਾਸ਼ਤਕਾਰ ਦੀ ਜ਼ਮੀਨ ਨਹੀਂ ਸੀ ਖਰੀਦ ਸਕਦੇ। ਇਹ ਕਾਨੂੰਨ ਬਣਨ ਕਾਰਨ ਪੜਦਾਦਾ ਭਾਵੇਂ ਜੱਦੀ ਜ਼ਮੀਨ ਦਾ ਮਾਲਕ ਸੀ ਅਤੇ ਉਸ ਦੇ ਵਡੇਰੇ ਵੀ ਕਈ ਪੀੜ੍ਹੀਆਂ ਤੋਂ ਖੇਤੀ ਬਾੜੀ ਦਾ ਧੰਦਾ ਹੀ ਕਰਦੇ ਆ ਰਹੇ ਸਨ ਪਰ ਜਾਤ ਦੇ ਆਧਾਰ 'ਤੇ ਗ਼ੈਰ ਕਾਸ਼ਤਕਾਰ ਗਿਣੇ ਜਾਣ ਕਾਰਨ ਜੱਟਾਂ ਕੋਲੋਂ ਗਹਿਣੇ ਜਾਂ ਬੈਅ ਲਈ ਜ਼ਮੀਨ ਉਹਨਾਂ ਕੋਲ਼ ਨਹੀਂ ਸੀ ਰਹੀ, ਬਸ ਦੋ ਕੁ ਘੁਮਾਂ ਜ਼ਮੀਨ ਗ਼ੈਰਕਾਸ਼ਤਕਾਰ ਜਾਤੀਆਂ ਦੀ ਹੀ ਰਹਿ ਗਈ ਸੀ। ਦੂਜਾ ਕਾਰਨ ਸੀ ਮੇਰੇ ਦਾਦੇ ਦਾ ਸਾਧੂ ਸੁਭਾਅ ਹੋਣ ਕਾਰਨ ਕਬੀਲਦਾਰੀ ਵਲ ਬਹੁਤਾ ਧਿਆਨ ਨਾ ਦੇਣਾ। ਘਰ ਦਾ ਅਗਵਾਨੂੰ ਕੋਈ ਰਹਿ ਨਹੀਂ ਸੀ ਗਿਆ। ਅਧਿਆਪਕ ਚਾਚਾ ਪੜ੍ਹਿਆ ਲਿਖਿਆ ਹੋਣ ਕਾਰਨ ਸਾਂਝੇ ਘਰ ਨੂੰ ਇਕੱਠਾ ਰੱਖ ਸਕਦਾ ਸੀ ਪਰ ਉਸ ਦੀ ਆਪਣੀ ਸੋਚ ਸੀ। ਉਹ ਬਾਹਰ ਪੜ੍ਹਾਉਂਦਾ ਸੀ। ਹਫਤੇ ਪੰਦਰੀਂ ਦਿਨੀਂ ਘਰ ਆਉਂਦਾ ਤੇ ਚੁਬਾਰੇ ਚੜ੍ਹ ਕੇ ਆਪਣੇ ਪਰਿਵਾਰ ਵਿਚ ਪਰਚ ਜਾਂਦਾ। ਤਿੰਨੇ ਭਰਾ ਖੇਤੀ ਦੇ ਕੰਮ ਵਿਚ ਲੱਗੇ ਰਹਿੰਦੇ। ਉਦੋਂ ਖੇਤੀ ਦੇ ਕੰਮ ਖਾਦ ਬੀਜਾਂ ਆਦਿ ਲਈ ਪੈਸਿਆਂ ਦਾ ਪਹਿਲਾਂ ਪ੍ਰਬੰਧ ਨਹੀਂ ਸੀ ਕਰਨਾ ਪੈਂਦਾ। ਨਕਦ ਪੈਸਿਆਂ ਦੀ ਤਾਂ ਘੱਟ ਹੀ ਵਰਤੋਂ ਹੁੰਦੀ ਸੀ। ਪਹਿਲੀ ਗੱਲ ਤਾਂ ਸਾਰੀਆਂ ਘਰੇਲੂ ਲੋੜਾਂ ਘਰ ਵਿਚ ਹੀ ਪੂਰੀਆਂ ਹੁੰਦੀਆਂ ਸਨ। ਜੇ ਕੋਈ ਚੀਜ਼ ਖਰੀਦਣੀ ਵੀ ਪੈਂਦੀ ਤਾਂ ਉਹ ਦਾਣਿਆਂ ਵੱਟੇ ਲੈ ਲਈ ਜਾਂਦੀ ਸੀ। ਇਸ ਕਰ ਕੇ ਚਾਰੇ ਭਰਾ ਹੀ ਘਰ ਦੇ ਕਾਰ ਮੁਖਤਿਆਰ ਸਨ। ਘਰ ਵਿਚ ਦਰਾਣੀਆਂ ਜਿਠਾਣੀਆਂ ਨੇ ਕੰਮ ਵੰਡੇ ਹੋਏ ਸਨ ਪਰ ਜੁਆਕਾਂ ਨੂੰ ਲੈ ਕੇ ਆਪੋ ਵਿਚ ਉਹਨਾਂ ਦੇ ਸਿੰਗ ਫਸੇ ਰਹਿੰਦੇ। ਤੀਵੀਆਂ ਦੀ ਘੈਂਸ ਘੈਂਸ ਦੀ ਤਿੰਨੇ ਭਰਾ ਪਰਵਾਹ ਨਹੀਂ ਸੀ ਕਰਦੇ। ਇਹ ਸਿਲਸਲਾ ਕਈ ਸਾਲ ਚਲਦਾ ਰਿਹਾ। ਫਿਰ ਅਧਿਆਪਕ ਭਰਾ ਵਲੋਂ ਅੱਡ ਹੋਣ ਦੀ ਗੱਲ ਸ਼ੁਰੂ ਹੋ ਗਈ। ਸਾਰਿਆਂ ਨਾਲੋਂ ਛੋਟੇ ਭਰਾ ਸ਼ੇਰ ਸਿੰਘ ਦਾ ਖਿਆਲ ਸੀ ਕਿ ਵੱਡੇ ਭਰਾ ਦੀ ਲੜਕੀ ਮੁਟਿਆਰ ਹੈ, ਉਸ ਦਾ ਵਿਆਹ ਸਾਂਝੇ ਘਰ ਵਿਚ ਕਰਨ ਮਗਰੋਂ ਅੱਡ ਹੋਇਆ ਜਾਵੇ ਪਰ ਉਸ ਦੀ ਸਲਾਹ ਮੰਨੀ ਨਹੀਂ ਗਈ ਤੇ ਚਾਰੇ ਭਰਾ ਅੱਡ ਹੋ ਗਏ।

ਵੱਡੇ ਭਰਾ ਨੂੰ ਪਸ਼ੂਆਂ ਵਾਲਾ ਵਾੜਾ ਮਿਲਿਆ, ਉਸ ਥਾਂ ਵਿਚ ਵੀ ਛੋਟੇ ਚਾਚੇ ਦਾ ਕੁਝ ਹਿੱਸਾ ਸੀ ਕਿਉਂਕਿ ਜਿਹੜਾ ਥਾਂ ਉਸ ਨੂੰ ਮਿਲਿਆ ਸੀ ਉਹ ਥੋੜਾ ਘੱਟ ਸੀ। ਉਸ ਥਾਂ ਦਾ 80 ਰੁਪਏ ਮੁੱਲ ਪਿਆ। ਅੱਡ ਹੋਣ ਸਮੇਂ ਹੀ ਮੇਰਾ ਬਾਪ ਅੱਸੀ ਰੁਪਏ ਦਾ ਕਰਜਾਈ ਹੋ ਗਿਆ ਸੀ। ਇਸ ਵਾੜੇ ਵਿਚ ਦੋ ਗਾਰਡਰਾਂ ਉਪਰ ਛੱਤਿਆ ਇਕੋ ਵੱਡਾ ਕੱਚਾ ਕੋਠਾ ਸੀ। ਤਕਰੀਬਨ ਚਾਲੀ ਫੁੱਟ ਲੰਮੇ ਤੇ ਸੋਲਾਂ ਫੁੱਟ ਚੌੜੇ ਕਮਰੇ ਵਿਚਕਾਰ ਇਕ ਪੱਕਾ ਥੰਮ ਅਤੇ ਪਾਸਿਆਂ ਦੀਆਂ ਦੋਹਾਂ ਕੱਚੀਆਂ ਕੰਧਾਂ ਵਿਚ ਇਕ ਇਕ ਪੱਕਾ ਥਮਲਾ ਕੱਢ ਕੇ ਵੀਹ ਵੀਹ ਫੁੱਟੀਆਂ ਦੋ ਗਾਰਡਰਾਂ ਰੱਖੀਆਂ ਹੋਈਆਂ ਸਨ। ਗਾਰਡਰਾਂ ਉਪਰ ਲੱਕੜ ਦੇ ਸ਼ਤੀਰ ਤੇ ਟਾਇਲਾਂ ਬਾਲੇ ਪਾ ਕੇ ਛੱਤ ਪਾਈ ਹੋਈ ਸੀ। ਜਦੋਂ ਮੇਰਾ ਬਾਪ ਅੱਡ ਹੋਇਆ, ਮੇਰੀਂ ਮਾਂ ਦੇ ਛੇ ਜੁਆਕ ਸਨ। ਮੈਥੋਂ ਛੋਟਾ ਉਸ ਦੇ ਕੁੱਛੜ ਸੀ। ਅੱਡ ਹੋਣ ਸਮੇਂ ਮਿਲੇ ਇਕ ਕੋਠੇ ਵਿਚ ਦੋ ਬਲਦਾਂ ਤੇ ਮੱਝ ਨੇ ਵੀ ਬੱਝਣਾ ਸੀ ਤੇ ਅੱਠ ਜੀਆਂ ਦੇ ਪਰਿਵਾਰ ਨੇ ਵੀ ਰਹਿਣਾ ਸੀ। ਮੇਰੇ ਬਾਪ ਨੇ ਕੋਠੇ ਦੇ ਵਿਚਕਾਰ ਥੰਮ ਨਾਲ ਕੱਚੀ ਕੰਧ ਕੱਢ ਕੇ ਵੱਡੇ ਕੋਠੇ ਦੇ ਦੋ ਕਮਰੇ ਬਣਾ ਲਏ। ਇਕ ਪਾਸੇ ਪਸ਼ੂ ਤੇ ਦੂਜੇ ਕਮਰੇ ਵਿਚ ਸਾਰਾ ਪਰਿਵਾਰ। ਵੱਡੇ ਪਰਿਵਾਰ ਲਈ ਇਕ ਕਮਰੇ ਵਿਚ ਗੁਜ਼ਾਰਾ ਕਰਨਾ ਬਹੁਤ ਔਖਾ ਸੀ ਇਸ ਲਈ ਅਗਲੇ ਸਾਲ ਹਾੜੀ ਦੀ ਫਸਲ ਆਉਣ ਮਗਰੋਂ ਵੱਡੇ ਕੋਠੇ ਤੇ ਗੁਆਂਢੀਆਂ ਦੀ ਸਾਂਝੀ ਕੰਧ ਨਾਲ ਇਕ ਕੋਠੜੀ ਤੇ ਰਸੋਈ ਵਾਸਤੇ ਇਕ ਛਤੜਾ ਛੱਤ ਲਿਆ, ਜਿਸ ਦੀ ਮੂਹਰਲੀ ਕੰਧ ਪੱਕੀਆਂ ਇੱਟਾਂ ਦੀ ਸੀ। ਕੋਠੜੀ ਤੇ ਛਤੜੇ ਦੀ ਕੰਧ ਵੀ ਪੱਕੀ ਇੱਟ ਦੀ ਸੀ। ਉਸ ਕੰਧ ਦਾ ਦਾੜ੍ਹਾ (ਨਵੀਂ ਕੰਧ ਕੱਢਣ ਲਈ ਅੱਧੀ ਇੱਟ ਬਾਹਰ ਰੱਖਣੀ) ਰੱਖ ਲਿਆ ਗਿਆ ਤਾਂ ਜੋ ਸਮੇਂ ਸਵੇਰ ਨੂੰ ਵੱਡੇ ਕੋਠੇ ਮੂਹਰੇ ਬਰਾਂਡਾ ਬਣਾ ਲਿਆ ਜਾਵੇਗਾ ਪਰ ਵਰਾਂਡਾ ਬਣਾਉਣ ਦੀ ਨੌਬਤ ਕਦੀ ਨਹੀਂ ਸੀ ਆਈ। ਜਦੋਂ ਇੰਨੇ ਥਾਂ ਵਿਚ ਵੀ ਗੁਜ਼ਾਰਾ ਕਰਨਾ ਮੁਸ਼ਕਲ ਹੋ ਗਿਆਂ ਤਾਂ ਪਸ਼ੂਆਂ ਦੇ ਵਾੜੇ ਲਈ ਘਰ ਤੋਂ ਦੂਜੀ ਗਲ਼ੀ ਵਿਚਬਾਈ ਨੇ ਹੋਰ ਥਾਂ ਖਰੀਦਿਆ ਅਤੇ ਓਥੇ ਦੋ ਕੱਚੇ ਕੋਠੇ ਛੱਤ ਕੇ ਪਸ਼ੂਆਂ ਨੂੰ ਓਧਰ ਕਰ ਦਿੱਤਾ ਅਤੇ ਪਸ਼ੂਆਂ ਵਾਲਾ ਕਮਰਾ ਰਹਾਇਸ਼ ਲਈ ਠੀਕ ਕਰ ਲਿਆ।



ਸ. ਮੋਹਿੰਦਰ ਸਿੰਘ ਸੇਖਾ

ਭਰਾਵਾਂ ਨਾਲੋਂ ਅੱਡ ਹੋਣ ਸਮੇਂ ਮੇਰੇ ਬਾਈ ਦੇ ਹਿੱਸੇ ਤਕਰੀਬਨ ਤਿੰਨ ਘੁਮਾਂ ਜ਼ਮੀਨ ਆਈ ਸੀ। ਇਹ ਤਿੰਨ ਘੁਮਾਂ ਜ਼ਮੀਨ ਵੀ ਚਾਰ ਖੱਤਿਆਂ ਵਿਚ ਵੰਡੀ ਹੋਈ ਸੀ। ਕਿਸੇ ਥਾਂ ਪੰਜ ਕਨਾਲ ਦਾ ਖੱਤਾ, ਕਿਸੇ ਥਾਂ ਇਕ ਘੁਮਾਂ ਤੇ ਕਿਸੇ ਥਾਂ ਦੋ ਕਨਾਲ ਦਾ ਖੱਤਾ। ਸਾਰੀ ਜ਼ਮੀਨ ਵਿਚੋਂ ਸਿਰਫ ਇਕ ਘੁਮਾਂ ਨੂੰ ਹੀ ਨਹਿਰੀ ਪਾਣੀ ਲਗਦਾ ਸੀ, ਬਾਕੀ ਮਾਰੂ ਹੀ ਸੀ, ਮੀਂਹ ਦੇ ਆਸਰੇ। ਇੰਨੀ ਜ਼ਮੀਨ 'ਤੇ ਹੀ ਮੇਰੇ ਬਾਪ ਨੇ ਸਾਰੇ ਪਰਿਵਾਰ ਦਾ ਤੋਰਾ ਤੋਰਨਾ ਸੀ। ਉਹ ਸਿਰੜੀ ਬਹੁਤ ਸੀ। ਉਹ ਜਾਣਦਾ ਸੀ ਕਿ ਇੰਨੀ ਜ਼ਮੀਨ 'ਤੇ ਵਾਹੀ ਕਰਨ ਨਾਲ ਪਰਿਵਾਰ ਦਾ ਗੁਜ਼ਾਰਾ ਨਹੀਂ ਸੀ ਹੋਣਾ। ਉਹ ਦਸ ਬਾਰਾਂ ਘੁਮਾਂ ਜ਼ਮੀਨ ਹਿੱਸੇ 'ਤੇ ਲੈ ਲੈਂਦਾ। ਹਿੱਸੇ ਵਾਲੀ ਜ਼ਮੀਨ 'ਚੋਂ ਫਸਲ ਦਾ ਅੱਧ ਮਾਲਕ ਨੂੰ ਦੇਣਾ ਪੈਂਦਾ ਸੀ ਤੇ ਠੇਕੇ 'ਤੇ ਲਈ ਜ਼ਮੀਨ ਦੀ ਕਾਰਮੀ ਰਕਮ ਫਸਲ ਬੀਜਣ ਤੋਂ ਪਹਿਲਾਂ ਹੀ ਅੱਧੀ ਨਕਦ ਦੇਣੀ ਪੈਂਦੀ ਸੀ ਅਤੇ ਅੱਧੀ ਸੌਣੀ ਦੀ ਫਸਲ ਆਉਣ 'ਤੇ, ਇਸ ਲਈ ਜ਼ਮੀਨ ਠੇਕੇ 'ਤੇ ਲੈਣ ਦੀ ਅਜੇ ਉਸ ਕੋਲ ਪੁੱਜਤ ਨਹੀਂ ਸੀ।

ਉਹ ਕੁੱਕੜ ਦੀ ਬਾਂਗ ਨਾਲ ਤਕਰੀਬਨ ਸਵੇਰੇ ਚਾਰ ਵਜੇ ਉਠਦਾ ਤੇ ਬਿਨਾਂ ਕੁਝ ਖਾਧੇ ਪੀਤੇ ਹਲ਼ ਜੋੜ ਕੇ ਚਲਿਆ ਜਾਂਦਾ। ਉਦੋਂ ਸਵੇਰ ਵੇਲੇ ਚਾਹ ਪੀਣ ਦਾ ਰਵਾਜ ਨਹੀਂ ਸੀ ਚੱਲਿਆ। ਮਾਂ ਉਠ ਕੇ ਚੱਕੀ ਝੋਅ ਲੈਂਦੀ। ਇਕ ਦਿਨ ਜੋਗਾ ਆਟਾ ਪੀਹ ਕੇ ਵੱਡੀ ਲੜਕੀ ਨੂੰ ਉਠਾਉਂਦੀ, ਉਹ ਦੁੱਧ ਰਿੜਕਣ ਲੱਗ ਜਾਂਦੀ ਅਤੇ ਮਾਂ ਗੋਹਾ ਕੂੜਾ ਕਰਨ ਲੱਗ ਜਾਂਦੀ। ਦਿਨ ਚੜ੍ਹਨ ਸਾਰ ਮਾਂ ਮਿੱਸੀਆਂ ਰੋਟੀਆਂ ਪਕਾ ਕੇ ਅਚਾਰ ਤੇ ਲੱਸੀ ਨਾਲ ਖੇਤ ਲੈ ਜਾਂਦੀ। ਓਥੇ ਜੇ ਕੋਈ ਖੇਤੀ ਨਾਲ ਸਬੰਧਤ ਕੰਮ ਕਰਨ ਵਾਲਾ ਹੁੰਦਾ ਤਾਂ ਉਹ ਕਰਨ ਲੱਗ ਜਾਂਦੀ, ਨਹੀਂ ਤਾਂ ਘਰ ਮੁੜਦੀ ਹੋਈ ਪੱਠਿਆਂ ਦੀ ਭਰੀ ਚੁੱਕੀ ਆਉਂਦੀ। ਘਰ ਆ ਕੇ ਰਹਿੰਦੇ ਕੰਮ ਨਬੇੜਦੀ। ਉਹ ਦੋਵੇਂ ਜੀਅ ਟਿਕ ਕੇ ਨਹੀਂ ਸੀ ਬਹਿੰਦੇ, ਸਦਾ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ।

ਬਾਪ ਨੂੰ ਅਗਲਾ ਫਿਕਰ ਕੁੜੀ ਦੇ ਵਿਆਹ ਦਾ ਸੀ ਪਰ ਸੰਨ 1939 ਵਿਚ ਦੂਜੀ ਸੰਸਾਰ ਜੰਗ ਲੱਗ ਗਈ, ਜਿਸ ਕਾਰਨ ਮਹਿੰਗਾਈ ਛਾਲਾਂ ਮਾਰਦੀ ਉਤਾਂਹ ਜਾਣ ਲੱਗ ਪਈ। ਬਹੁਤ ਸਾਰੀਆਂ ਜ਼ਰੂਰੀ ਵਸਤਾਂ, ਜਿਵੇਂ ਖੰਡ, ਕਪੜਾ, ਤੇਲ, ਕੋਲਾ ਆਦਿ 'ਤੇ ਕੰਟਰੋਲ ਹੋ ਗਿਆ। ਅਜੇਹੀ ਮਹਿੰਗਾਈ ਵਿਚ ਜਦੋਂ ਲੋੜੀਂਦੀਆਂ ਵਸਤਾਂ ਬਾਜ਼ਾਰ ਵਿਚੋਂ ਦੁਲੱਭ ਹੋਣ ਤਾਂ ਵਿਆਹ ਬਾਰੇ ਸੋਚਣਾ ਵੀ ਮੁਸ਼ਕਲ ਸੀ ਪਰ ਵਿਆਹ ਨੂੰ ਕਿੰਨਾ ਕੁ ਚਿਰ ਲਟਕਾਇਆ ਜਾ ਸਕਦਾ ਸੀ। ਅਖੀਰ, ਜਦੋਂ ਇਹ ਮਹਿਸੂਸ ਹੋ ਗਿਆ ਕਿ ਜੰਗ ਮੁੱਕਣ ਦੇ ਕੋਈ ਆਸਾਰ ਨਹੀਂ ਹਨ ਤਾਂ ਅਜੇਹੀਆਂ ਹਾਲਤਾਂ ਵਿਚ ਚੋਰ ਬਾਜ਼ਾਰੀ ਵਿਚੋਂ ਲੋੜੀਂਦਾ ਸਾਮਾਨ ਖਰੀਦ ਕੇ ਮੇਰੀ ਵੱਡੀ ਭੈਣ ਦਾ ਵਿਆਹ ਕੀਤਾ।

ਮੇਰਾ ਬਾਪ ਖੇਤੀ ਦੇ ਕੰਮ ਵਿਚ ਭਾਵੇਂ ਔਖਿਆਈ ਝੱਲ ਰਿਹਾ ਸੀ ਪਰ ਉਸ ਨੇ ਆਪਣੇ ਮੁੰਡਿਆਂ ਨੂੰ ਪੜ੍ਹਨ ਜ਼ਰੂਰ ਲਾਇਆ। ਉਸ ਦਾ ਵਿਚਾਰ ਸੀ ਕਿ ਇੰਨੀ ਥੋੜ੍ਹੀ ਜ਼ਮੀਨ 'ਤੇ ਖੇਤੀ ਕਰ ਕੇ ਉਹ ਗੁਜ਼ਾਰਾ ਨਹੀਂ ਕਰ ਸਕਣਗੇ। ਪਿੰਡ ਦੇ ਪ੍ਰਾਇਮਰੀ ਸਕੂਲ ਵਿਚੋਂ ਪੜ੍ਹ ਕੇ ਕਿਸੇ ਕਿੱਤੇ ਲੱਗ ਜਾਣਗੇ। ਉਸ ਦੇ ਸਾਹਮਣੇ ਇਕੋ ਇਕ ਕਿੱਤਾ ਕਪੜੇ ਸਲਾਈ ਕਰਨ ਦਾ ਹੀ ਸੀ। ਮੇਰਾ ਵੱਡਾ ਭਰਾ ਮੱਲ ਸਿੰਘ ਚੌਥੀ ਜਮਾਤ ਵਿਚੋਂ ਹੀ ਹਟ ਗਿਆ ਸੀ। ਬਾਪ ਨੇ ਉਸ ਨੂੰ ਸਲਾਈ ਸਿੱਖਣ ਲਾ ਦਿੱਤਾ ਪਰ ਉਹ ਸਿਲਾਈ ਸਿੱਖਣ ਤੋਂ ਇਨਕਾਰੀ ਹੋ ਗਿਆ ਅਤੇ ਖੇਤੀ ਦੇ ਕੰਮ ਵਿਚ ਹੱਥ ਵਟਾਉਣ ਲੱਗਾ ਪਰ ਉਸ ਦਾ ਖੇਤੀ ਦੇ ਕੰਮ ਵਿਚ ਵੀ ਦਿਲ ਨਹੀਂ ਸੀ ਲਗਦਾ, ਉਹ ਬਾਪ ਤੋਂ ਝਿੜਕਾਂ ਲੈਂਦਾ। ਫਿਰ ਉਹ ਬਿਨਾਂ ਮਾਂ ਬਾਪ ਨੂੰ ਦੱਸੇ ਫੌਜ ਦੀ ਬੱਚਾ ਕੰਪਨੀ ਵਿਚ ਭਰਤੀ ਹੋ ਗਿਆ। ਮੈਥੋਂ ਵੱਡਾ ਮਲਕੀਤ ਸਿੰਘ ਵੀ ਚੌਥੀ ਵਿਚੋਂ ਹਟ ਕੇ ਮੇਰੇ ਬਾਪ ਦੀ ਭੂਆ ਦੇ ਮੁੰਡੇ ਕੋਲ ਚਿਸਤੀਆਂ ਮੰਡੀ, ਜ਼ਿਲਾ ਬਹੌਲ ਨਗਰ, (ਹੁਣ ਪਾਕਿਸਤਾਨ) ਸਿਲਾਈ ਸਿੱਖਣ ਚਲਾ ਗਿਆ। ਮੇਰਾ ਬਾਪ ਮੈਨੂੰ ਵੀ ਸਿਲਾਈ ਦੇ ਕੰਮ ਵਿਚ ਹੀ ਪਾਉਣਾ ਚਾਹੁੰਦਾ ਸੀ ਪਰ ਮੈਂ ਆਪਣੇ ਪਰਪੱਕ ਦ੍ਰਿੜ ਇਰਾਦੇ ਤੇ ਵੱਡੀ ਭੈਣ ਵਲੋਂ ਮੇਰੇ ਬਾਪ ਨੂੰ ਕੀਤੀ ਸਫਾਰਸ਼ ਨਾਲ ਪੜ੍ਹਾਈ ਵਾਲੇ ਪਾਸੇ ਤੁਰਿਆ ਗਿਆ।

ਜਦੋਂ ਮੇਰਾ ਬਾਪ ਆਪਣੇ ਭਰਾਵਾਂ ਨਾਲੋਂ ਅੱਡ ਹੋਇਆ ਸੀ ਤਾਂ ਪਰਿਵਾਰ ਵਿਚ ਅਸੀਂ ਛੇ ਭੈਣ ਭਰਾ ਸੀ। ਖੇਤੀ ਤੋਂ ਬਿਨਾਂ ਆਮਦਨ ਦਾ ਹੋਰ ਕੋਈ ਵਸੀਲਾ ਨਹੀਂ ਸੀ, ਜਿਸ ਕਾਰਨ ਘਰ ਵਿਚ ਮੁੱਢ ਤੋਂ ਹੀ ਗਰੀਬੀ ਨੇ ਪੈਰ ਪਸਾਰ ਲਏ ਸਨ ਪਰ ਪਰਿਵਾਰ ਵੱਡਾ ਹੋਈ ਜਾ ਰਿਹਾ ਸੀ। ਇਸ ਘਰ ਵਿਚ ਹਰ ਦੋ ਸਾਲ ਬਾਅਦ ਇਕ ਜੀਅ ਵਧ ਜਾਂਦਾ। ਉਹ ਸਮੇਂ ਹੀ ਅਜੇਹੇ ਸਨ, ਜਦੋਂ ਵੱਡੇ ਪਰਿਵਾਰਾਂ ਨੂੰ ਚੰਗਾ ਸਮਝਿਆ ਜਾਂਦਾ ਸੀ। ਉਹਨਾਂ ਸਮਿਆਂ ਵਿਚ ਔਰਤਾਂ ਨਵ ਵਿਆਹੀ ਆਈ ਬਹੂ ਨੂੰ 'ਸੱਤ ਪੁੱਤੀ' ਹੋਣ ਦੀ ਅਸੀਸ ਦਿਆ ਕਰਦੀਆਂ ਸਨ। ਇਸ ਪਿੱਛੇ ਵੀ ਕਈ ਕਾਰਨ ਸਨ। ਪੰਜਾਬ ਵਿਚੋਂ ਫੌਜ ਵਿਚ ਜਵਾਨਾਂ ਦੀ ਭਰਤੀ ਬਹੁਤ ਹੁੰਦੀ ਸੀ, ਜਿਸ ਦੀ ਆਮਦਨ ਘਰ ਦੀ ਆਰਥਿਕਤਾ ਵਿਚ ਸਹਾਈ ਹੁੰਦੀ। ਖੇਤੀ ਦੇ ਕੰਮਾ ਲਈ ਵੀ ਬਹੁਤੇ ਹੱਥਾਂ ਦੀ ਲੋੜ ਹੁੰਦੀ ਸੀ, ਜਿਸ ਕਾਰਨ ਪਰਿਵਾਰ ਨਿਯੋਜਨ ਦੀ ਲੋੜ ਨਹੀਂ ਸੀ ਸਮਝੀ ਜਾਂਦੀ। ਉਦੋਂ ਤਾਂ ਇਹ ਕਿਹਾ ਜਾਂਦਾ ਸੀ ਕਿ ਜਿਸ ਬੰਦੇ ਦੇ ਬਾਰਾਂ ਮੁੰਡੇ ਹੋਣਗੇ, ਉਸ ਨੂੰ ਸਰਕਾਰ ਵਲੋਂ ਇਕ ਮੁਰੱਬਾ ਜ਼ਮੀਨ ਇਨਾਮ ਵਜੋਂ ਮਿਲੇਗੀ। ਗਰਭ ਨਿਰੋਧਿਕ ਸਾਧਨਾਂ ਬਾਰੇ ਲੋਕਾਂ ਨੂੰ ਬਹੁਤਾ ਗਿਆਨ ਵੀ ਨਹੀਂ ਸੀ, ਜਿਸ ਕਾਰਨ ਕਈ ਪਰਿਵਾਰਾਂ ਵਿਚ ਇਕ ਦਰਜਨ ਤੋਂ ਵੀ ਵਧੇਰੇ ਬੱਚੇ ਸਨ। ਅਸੀਂ ਵੀ ਦਸ ਭੈਣ ਭਰਾ ਹੋ ਗਏ ਸੀ, ਚਾਰ ਭੈਣਾ ਤੇ ਛੇ ਭਰਾ। ਸਾਡੇ ਪਰਿਵਾਰ ਵਿਚ ਗਰੀਬੀ ਦਾ ਇਕ ਕਾਰਨ ਵੱਡਾ ਪਰਿਵਾਰ ਵੀ ਸੀ। ਇਸ ਗੱਲ ਦਾ ਅਹਿਸਾਸ ਸਾਨੂੰ ਸਾਰੇ ਭਰਾਵਾਂ ਨੂੰ ਹੀ ਹੋ ਗਿਆ ਸੀ। ਸੰਨ ਸੰਤਾਲੀ ਮਗਰੋਂ ਪਰਿਵਾਰ ਨਿਯੋਜਨ ਦੀ ਲਹਿਰ ਵੀ ਚੱਲ ਪਈ ਸੀ। ਇਹ ਨਾਅਰਾ ਕੰਧਾਂ ਉਪਰ ਲਿਖਿਆ ਆਮ ਦਿਸ ਪੈਂਦਾ ਸੀ, 'ਦੋ ਯਾ ਤੀਨ ਬੱਚੇ, ਹੋਤੇ ਹੈਂ ਘਰ ਮੇਂ ਅੱਛੇ'। ਜਦੋਂ ਅਸੀਂ ਵਿਆਹੇ ਗਏ ਤਾਂ ਸਾਡੇ ਦੋ ਵੱਡੇ ਭਰਾਵਾਂ ਦੇ ਚਾਰ ਚਾਰ ਬੱਚੇ ਤੇ ਬਾਕੀ ਚਾਰ ਭਰਾਵਾਂ ਦੇ ਤਿੰਨ ਤਿੰਨ ਬੱਚੇ ਹਨ ਅਤੇ ਅਗਾਂਹ ਸਾਡੇ ਬਚਿਆਂ ਦੇ 'ਹਮ ਦੋ ਹਮਾਰੇ ਦੋ' ਦੇ ਨਾਅਰੇ ਅਨੁਸਾਰ ਦੋ ਦੋ ਬੱਚੇ ਹਨ। ਖੈਰ! ਪਰਿਵਾਰ ਨਿਯੋਜਨ ਦੀ ਗੱਲ ਛਡਦੇ ਹਾਂ। ਗੱਲ ਅਗਾਂਹ ਤੋਰੀਏ।

ਜਦੋਂ ਮੇਰੀ ਸੁਰਤ ਸੰਭਲੀ, ਮੈਂ ਆਪਣੇ ਬਾਪ ਨੂੰ ਕਦੇ ਸੱਥ ਵਿਚ ਬੈਠਿਆ ਨਹੀਂ ਸੀ ਦੇਖਿਆ। ਹਾੜੀ ਦੀ ਫਸਲ ਮਗਰੋਂ ਥੋੜਾ ਸਮਾਂ ਕਿਸਾਨਾਂ ਦੇ ਕੰਮ ਕੁਝ ਘਟ ਜਾਂਦੇ ਸਨ। ਬਹੁਤੇ ਕਿਸਾਨਾਂ ਦੀਆਂ ਦੁਪਹਿਰਾਂ ਨਿੰਮਾਂ, ਟਾਹਲੀਆਂ ਹੇਠ ਬੈਠ ਕੇ ਜੱਕੜ ਮਾਰਦੇ ਲੰਘਦੀਆਂ। ਪਰ ਮੇਰਾ ਬਾਪ ਖੇਤੀ ਦੇ ਕੰਮ ਵਿਚ ਰੁੱਝਿਆ ਰਹਿੰਦਾ। ਪਹਿਲੀਆਂ ਵਿਚ ਉਸ ਨੇ ਕਦੀ ਸੀਰੀ ਨਹੀਂ ਸੀ ਰੱਖਿਆ। ਉਹ ਹਾੜੀ ਸਾਉਣੀ ਵੇਲੇ ਠੇਕੇ 'ਤੇ ਪੱਕਾ ਦਿਹਾੜੀਆ ਰੱਖ ਲੈਂਦਾ ਸੀ। ਕਿਉਂਕਿ ਉਸ ਸਮੇਂ ਦੋ ਜਣਿਆਂ ਬਿਨਾਂ ਫਸਲ ਦੀ ਸੰਭਾਲ ਕਰਨੀ ਮੁਸ਼ਕਲ ਹੁੰਦੀ ਸੀ। ਇਕੱਲੇ ਨੂੰ ਖੇਤੀ ਦੇ ਕੰਮ ਵਿਚ ਬਹੁਤੀ ਔਖਿਆਈ ਹੋਣ ਲੱਗੀ ਤਾਂ ਕੁਝ ਸਮੇਂ ਬਾਅਦ ਉਹ ਪੱਕਾ ਸੀਰੀ ਰੱਖਣ ਲੱਗ ਪਿਆ ਸੀ। ਸੀਰੀ ਨੂੰ ਸਾਰੀ ਫਸਲ ਦਾ ਪੰਜਵਾਂ ਹਿੱਸਾ ਦੇਣਾ ਪੈਂਦਾ ਸੀ। ਅੱਧ ਜ਼ਿਮੀਂਦਾਰ ਨੂੰ ਦੇ ਕੇ ਘਰ ਤੀਜਾ ਹਿੱਸਾ ਹੀ ਆਉਂਦਾ ਸੀ। ਹਿੱਸੇ ਵਾਲੀ ਪੈਲੀ 'ਚੋਂ ਜੇ ਦਸ ਮਣ ਦਾਣੇ ਹੋਏ ਤਾਂ ਪੰਜ ਮਣ ਜ਼ਮੀਨ ਵਾਲੇ ਦੇ, ਦੋ ਮਣ ਸੀਰੀ ਦੇ ਤੇ ਬਾਕੀ ਖੇਤੀ ਕਰਨ ਵਾਲੇ ਲਈ ਤਿੰਨ ਮਣ ਦਾਣੇ ਹੀ ਬਚਦੇ। ਦਾਣਿਆਂ ਦੇ ਬਚਣ ਬਚਾਉਣ ਦਾ ਹਿਸਾਬ ਛੱਡ ਕੇ ਉਹ ਕੋਹਲੂ ਦੇ ਬਲਦ ਵਾਂਗ ਸਿਰ ਨਿਵਾਈ ਕਬੀਲਦਾਰੀ ਦੇ ਕੋਹਲੂ ਨੂੰ ਚਲਾਈ ਜਾ ਰਿਹਾ ਸੀ। ਮੈਨੂੰ ਨਹੀਂ ਜਾਪਦਾ ਕਿ ਉਸ ਉਪਰ ਜਵਾਨੀ ਦਾ ਕੋਈ ਰੰਗ ਚੜ੍ਹਿਆ ਹੋਵੇਗਾ। ਮਲਮਲ ਦੀ ਪਗੜੀ, ਖੱਦਰ ਦਾ ਕੁੜਤਾ, ਘਸਮੈਲੇ ਜਿਹੇ ਲੱਠੇ ਦਾ ਚਾਦਰਾ ਤੇ ਤੇੜ ਲੱਠੇ ਦਾ ਕਛਹਿਰਾ, ਬੜੇ ਲੰਮੇ ਸਮੇਂ ਤਕ ਉਸ ਦਾ ਇਹੋ ਪਹਿਰਾਵਾ ਰਿਹਾ ਸੀ। ਗਰਮੀਆਂ ਦੇ ਮੌਸਮ ਵਿਚ ਤਾਂ ਚਾਦਰਾ ਬੰਨ੍ਹਣ ਦਾ ਸਮਾਂ ਉਸ ਨੂੰ ਘੱਟ ਹੀ ਮਿਲਦਾ ਸੀ। ਪਜਾਮਾ ਉਸ ਨੇ ਸਾਰੀ ਉਮਰ ਨਹੀਂ ਸੀ ਪਾਇਆ। ਰਿਸ਼ਤੇਦਾਰੀਆਂ ਵਿਚ ਜਾਣ ਦਾ ਉਸ ਨੂੰ ਬਹੁਤ ਘੱਟ ਸਮਾਂ ਮਿਲਦਾ ਸੀ।


ਮੇਰਾ ਵੱਡਾ ਭਰਾ ਫੌਜ ਵਿਚ ਤੇ ਦੂਜਾ ਭਰਾ ਸਲਾਈ ਸਿੱਖਣ ਗਿਆ ਹੋਣ ਕਾਰਨ ਤੀਜੇ ਨੰਬਰ 'ਤੇ ਮੈਂ ਹੀ ਘਰ ਵਿਚ ਵੱਡਾ ਸੀ, ਜਿਹੜਾ ਖੇਤੀ ਦੇ ਕੰਮ ਵਿਚ ਆਪਣੇ ਬਾਪ ਦਾ ਹੱਥ ਵਟਾ ਸਕਦਾ ਸੀ। ਵੈਸੇ ਮੱਝਾਂ ਚਾਰਨ ਤੇ ਹਾੜੀ ਦੀ ਫਸਲ ਸਮੇਂ ਫਲ਼ੇ ਹੱਕਣ ਦਾ ਕੰਮ ਤਾਂ ਮੈਂ ਅੱਠ ਨੌਂ ਸਾਲ ਦੀ ਉਮਰ ਵਿਚ ਹੀ ਸ਼ੁਰੂ ਕਰ ਦਿੱਤਾ ਸੀ। ਜਦੋਂ ਰੋਡਿਆ ਵਾਲੇ ਸਕੂਲ ਪੜ੍ਹਨ ਲੱਗ ਪਿਆ ਸੀ ਤਾਂ ਵੀ ਗਰਮੀਆਂ ਰੁੱਤੇ ਮੇਰੀ ਮਾਂ ਨੇ ਮੈਨੂੰ ਤੇ ਮੇਰੀ ਭੈਣ, ਜਿਹੜੀ ਮੈਥੋਂ ਚਾਰ ਸਾਲ ਵੱਡੀ ਸੀ, ਨੂੰ ਉਠਾ ਕੇ ਸਾਡੇ ਬਾਪ ਨਾਲ ਹੀ ਖੇਤ ਨੂੰ ਤੋਰ ਦੇਣਾ, ਉਸ ਨੇ ਉੱਥੋਂ ਪੱਠੇ (ਚਰ੍ਹੀ, ਮੱਕੀ ਦਾ ਕਾਚੜਾ ਆਦਿ) ਵੱਢ ਕੇ ਭਰੀਆਂ ਸਾਡੇ ਸਿਰ 'ਤੇ ਰੱਖ ਦੇਣੀਆਂ। ਘਰ ਪੱਠੇ ਸੁੱਟ ਕੇ ਫਿਰ ਸਕੂਲ ਜਾਣਾ। ਇਸ ਤਰ੍ਹਾਂ ਪੜ੍ਹਾਈ ਦੇ ਨਾਲ ਨਾਲ ਬਾਪ ਨਾਲ ਖੇਤੀ ਦੇ ਕੰਮਾਂ ਵਿਚ ਵੀ ਹੱਥ ਵਟਾਉਂਦਾ ਰਿਹਾ ਸੀ। ਛੁੱਟੀ ਵਾਲੇ ਦਿਨ ਮੈਂ ਹੀ ਸਵੇਰ ਦੀ ਰੋਟੀ ਲੈ ਕੇ ਖੇਤ ਜਾਂਦਾ ਸੀ। ਘਿਉ ਲਾ ਕੇ ਪਕਾਈਆਂ ਮੰਨ ਵਰਗੀਆਂ ਦੋ ਮਿੱਸੀਆਂ ਰੋਟੀਆਂ ਹੁੰਦੀਆ ਸਨ। ਉਪਰ ਲਸਨ ਤੇ ਲਾਲ ਮਿਰਚ ਦੀ ਚਟਨੀ। ਮੇਰਾ ਬਾਪ ਇਕ ਰੋਟੀ ਦੀਆਂ ਚਾਰ ਕੁ ਬੁਰਕੀਆਂ ਹੀ ਕਰਦਾ ਤੇ ਲੱਸੀ ਦੀ ਘੁੱਟ ਨਾਲ ਲੰਘਾ ਲੈਂਦਾ। ਪੰਜਾਂ ਮਿੰਟਾਂ ਤੋਂ ਵੀ ਘੱਟ ਸਮੇਂ ਵਿਚ ਰੋਟੀ ਖਾ ਕੇ ਹਲ਼ ਮਗਰ ਜਾ ਲਗਦਾ। ਖੇਤ ਵਿਚਲਾ ਖਾਲ਼ ਘੜਨਾ, ਪਾਸਿਆਂ ਵਾਲੀਆਂ ਵੱਟਾਂ ਛਾਂਗਣੀਆਂ ਜਾਂ ਢੀਮਾਂ ਤੋੜਨੀਆਂ ਆਦਿ ਜਿਹੜਾ ਵੀ ਕੰਮ ਹੁੰਦਾ ਉਹ ਮੈਂ ਕਰਨ ਲੱਗ ਜਾਂਦਾ। ਦੁਪਹਿਰ ਨੂੰ ਅਸੀਂ ਘਰ ਆ ਜਾਂਦੇ। ਉਹ ਨਲਕੇ ਤੋਂ ਬਾਲਟੀ ਭਰ ਕੇ ਨਹਾਉਣ ਲੱਗ ਜਾਂਦਾ। ਬੁੱਕਾਂ ਨਾਲ ਹੀ ਪਿੰਡੇ 'ਤੇ ਪਾਣੀ ਪਾਉਂਦਾ, ਇਕ ਖੱਦਰ ਦੇ ਸਾਫੇ ਨਾਲ ਮਲ਼ ਮਲ਼ ਕੇ ਪਿੰਡਾ ਪੂੰਝਦਾ। ਸਰੀਰ ਉਪਰ ਜੰਮੀ ਮਿੱਟੀ ਜਾਂ ਮੈਲ਼ ਸਾਫੇ ਨਾਲ ਸਾਫ ਹੋ ਜਾਂਦੀ ਪਰ ਸਾਫਾ ਘਸਮੈਲਾ ਹੋ ਜਾਂਦਾ। ਉਸ ਸਾਫੇ ਨੂੰ ਤੇੜ ਬੰਨ੍ਹ ਕੇ ਉਹ ਕਛਹਿਰਾ ਬਦਲਦਾ ਤੇ ਧੋਤਾ ਕੁੜਤਾ ਪਾ ਕੇ ਰੋਟੀ ਖਾਂਦਾ ਅਤੇ ਕਿਸੇ ਖੇਤੀ ਦੇ ਕੰਮ ਲਈ ਘਰੋਂ ਬਾਹਰ ਚਲਿਆ ਜਾਂਦਾ। ਬਾਅਦ ਵਿਚ ਮੇਰੀ ਮਾਂ ਕਛਹਿਰੇ ਤੇ ਸਾਫੇ ਨੂੰ ਘਰ ਬਣਾਏ ਦੇਸੀ ਸਾਬਨ ਨਾਲ ਧੋ ਕੇ ਸੁੱਕਣੇ ਪਾ ਦਿੰਦੀ। ਘੰਟੇ ਦੋ ਘੰਟੇ ਮਗਰੋਂ ਉਹ ਘਰ ਆਉਂਦਾ, ਕੁਝ ਖਾ ਪੀ ਕੇ ਫਿਰ ਖੇਤ ਨੂੰ ਚਲਿਆ ਜਾਂਦਾ। ਇਹ ਉਸ ਦਾ ਨਿੱਤ ਦਾ ਕੰਮ ਸੀ।

......ਚਲਦਾ

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਪਾਕਿ ਵਿੱਚ ਨਾਮਣਾ ਖੱਟਣ ਵਾਲੇ ਹਿੰਦੂ

-ਬਲਰਾਜ ਸਿੱਧੂ ਐਸ ਪੀ

ਸੰਨ 1947 ਵੇਲੇ ਪਾਕਿਸਤਾਨ ਵਿੱਚ ਹਿੰਦੂਆਂ ਦੀ ਆਬਾਦੀ 15 ਫੀਸਦੀ ਸੀ, ਜੋ ਅੱਜ 2 ਫੀਸਦੀ ਤੋਂ ਘੱਟ ਰਹਿ ਗਈ ਹੈ। ਉਥੇ ਹਿੰਦੂਆਂ ਦੀ ਜਬਰੀ ਧਰਮ ਤਬਦੀਲੀ ਕਰਾਈ ਜਾਂਦੀ ਹੈ, ਹਿੰਦੂ ਮੁਟਿਆਰਾਂ ਨੂੰ ਅਗਵਾ ਕਰ ਕੇ ਉਨ੍ਹਾਂ ਨਾਲ ਵਿਆਹ ਕਰਾਏ ਜਾਂਦੇ ਹਨ। ਇਹੀ ਨਹੀਂ, ਹਿੰਦੂਆਂ 'ਤੇ ਇਸਲਾਮ ਧਰਮ ਦੀ ਨਿੰਦਾ ਆਦਿ ਦੇ ਝੂਠੇ ਮੁਕੱਦਮੇ ਦਰਜ ਕਰਨ ਸਮੇਤ ਅਨੇਕਾਂ ਤਰ੍ਹਾਂ ਦੇ ਜ਼ੁਲਮ ਕੀਤੇ ਜਾਂਦੇ ਹਨ। ਇਨ੍ਹਾਂ ਕਾਰਨਾਂ ਕਰ ਕੇ ਪਾਕਿਸਤਾਨ ਤੋਂ ਹਰ ਸਾਲ ਹਜ਼ਾਰਾਂ ਹਿੰਦੂ ਭਾਰਤ ਅਤੇ ਪੱਛਮੀ ਦੇਸ਼ਾਂ ਵੱਲ ਪਰਵਾਸ ਕਰ ਰਹੇ ਹਨ। ਸੰਨ 1998 ਦੀ ਮਰਦਮ ਸ਼ੁਮਾਰੀ ਮੁਤਾਬਕ ਪਾਕਿਸਤਾਨ ਵਿੱਚ ਹਿੰਦੂਆਂ ਦੀ ਗਿਣਤੀ 24 ਲੱਖ ਦੇ ਲਗਭਗ ਸੀ। ਇਹ ਸਿੱਕੇ ਦਾ ਇੱਕ ਪਹਿਲੂ ਹੈ। ਦੂਸਰਾ ਪਹਿਲੂ ਇਹ ਹੈ ਕਿ ਪਾਕਿਸਤਾਨ ਵਿੱਚ ਕਈ ਹਿੰਦੂਆਂ ਨੇ ਚੰਗਾ ਨਾਂਅ ਕਮਾਉਂਦੇ ਹੋਏ ਸਮਾਜ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ ਹੈ। ਪੇਸ਼ ਹੈ ਪਾਕਿਸਤਾਨ ਦੀਆਂ ਉਨ੍ਹਾਂ ਹਿੰਦੂ ਸ਼ਖਸੀਅਤਾਂ ਦਾ ਵੇਰਵਾ, ਜਿਨ੍ਹਾਂ ਨੇ ਚੰਗਾ ਨਾਮਣਾ ਖੱਟਿਆ ਹੈ।

ਮਈ 2020 ਵਿੱਚ ਰਾਹੁਲ ਦੇਵ ਭੀਲ ਪਾਕਿਸਤਾਨੀ ਹਵਾਈ ਫੌਜ ਵਿੱਚ ਪਾਇਲਟ ਭਰਤੀ ਹੋਣ ਵਾਲਾ ਪਹਿਲਾ ਹਿੰਦੂ ਬਣ ਗਿਆ। ਸਿੰਧ ਦੇ ਜ਼ਿਲ੍ਹੇ ਥਰਪਾਰਕਰ ਦੇ ਭੰਗਾ ਪਿੰਡ ਦੇ ਰਹਿਣ ਵਾਲੇ ਰਾਹੁਲ ਦੇਵ ਦੇ ਪਿਤਾ ਦਾ ਨਾਮ ਸਵਰਗੀ ਤੇਜ ਮੱਲ ਭੀਲ ਹੈ ਅਤੇ ਉਹ ਇੱਕ ਗਰੀਬ ਪਰਵਾਰ ਨਾਲ ਸਬੰਧ ਰੱਖਦਾ ਹੈ।

ਇਸੇ ਤਰ੍ਹਾਂ ਰਾਣਾ ਚੰਦਰ ਸਿੰਘ ਪਾਕਿਸਤਾਨ ਦਾ ਪ੍ਰਸਿੱਧ ਸਿਆਸਤਦਾਨ ਤੇ ਸਿੰਧ ਸੂਬੇ ਦੀ ਰਿਆਸਤ ਉਮਰ ਕੋਟ ਦਾ 25ਵਾਂ ਜਾਗੀਰਦਾਰ ਸੀ। ਉਹ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਜ਼ੁਲਿਫਕਾਰ ਅਲੀ ਭੁੱਟੋ ਤੇ ਬੇਨਜ਼ੀਰ ਭੁੱਟੋ ਦੀ ਪੀਪਲਜ਼ ਪਾਰਟੀ ਵੱਲੋਂ 1977 ਤੋਂ 1999 ਤੱਕ ਲਗਾਤਾਰ ਸੱਤ ਵਾਰ ਐਮ ਪੀ ਚੁਣਿਆ ਗਿਆ ਸੀ ਅਤੇ ਖੇਤੀਬਾੜੀ, ਮਾਲ ਮਹਿਕਮਾ, ਸਾਇੰਸ ਤੇ ਟੈਕਨਾਲੋਜੀ ਆਦਿ ਬਾਰੇ ਦਾ ਮੰਤਰੀ ਰਿਹਾ। ਇੱਕ ਅਗਸਤ 2009 ਨੂੰ 78 ਸਾਲ ਦੀ ਉਮਰ ਵਿੱਚ ਅਧਰੰਗ ਕਾਰਨ ਉਸ ਦੀ ਮੌਤ ਹੋ ਗਈ ਸੀ। ਉਸ ਦਾ ਬੇਟਾ ਰਾਣਾ ਹਮੀਰ ਸਿੰਘ ਵੀ 1990 ਤੋਂ ਲਗਾਤਾਰ ਪਾਕਿਸਤਾਨ ਪੀਪਲਜ ਪਾਰਟੀ ਵੱਲੋਂ ਸਿੰਧ ਦਾ ਐਮ ਐਲ ਓ ਚੱਲਿਆ ਆ ਰਿਹਾ ਹੈ ਅਤੇ 1993 ਵਿੱਚ ਕੈਬਨਿਟ ਮੰਤਰੀ ਵੀ ਰਿਹਾ ਹੈ।

ਰਾਣਾ ਭਗਵਾਨ ਦਾਸ ਦਾ ਪੂਰਾ ਨਾਂਅ ਰਾਣਾ ਬਾਹੂ ਬਲੀ ਭਗਵਾਨ ਦਾਸ ਹੈ ਤੇ ਉਸ ਦਾ ਜਨਮ 20 ਦਸੰਬਰ 1942 ਨੂੰ ਸਿੰਧ ਸੂਬੇ ਦੇ ਨਸੀਰਾਬਾਦ ਸ਼ਹਿਰ ਵਿਖੇ ਇੱਕ ਸਿੰਧੀ ਰਾਜਪੂਤ ਪਰਵਾਰ ਵਿੱਚ ਹੋਇਆ। ਉਸ ਨੇ ਲਾਅ ਦੀ ਪੜ੍ਹਾਈ ਕੀਤੀ ਸੀ, ਜਿਸ ਕਾਰਨ 1967 ਵਿੱਚ ਉਹ ਮੈਜਿਸਟਰੇਟ ਚੁਣਿਆ ਗਿਆ। ਕੁਝ ਸਾਲਾਂ ਵਿੱਚ ਹੀ ਉਹ ਸੈਸ਼ਨ ਜੱਜ ਬਣ ਗਿਆ ਤੇ 1994 ਵਿੱਚ ਸਿੰਧ ਹਾਈ ਕੋਰਟ ਦਾ ਜੱਜ ਨਿਯੁਕਤ ਹੋ ਗਿਆ। ਸੰਨ 2000 ਵਿੱਚ ਉਹ ਸੁਪਰੀਮ ਕੋਰਟ ਦਾ ਜੱਜ ਬਣ ਗਿਆ। ਓਦੋਂ ਪਾਕਿਸਤਾਨ ਵਿੱਚ ਪਰਵੇਜ਼ ਮੁਸ਼ੱਰਫ ਦਾ ਰਾਜ ਸੀ। 9 ਮਾਰਚ 2007 ਨੂੰ ਰਾਸ਼ਟਰਪਤੀ ਮੁਸ਼ੱਰਫ ਨੇ ਚੀਫ ਜਸਟਿਸ ਇਫਤਿਖਾਰ ਮੁਹੰਮਦ ਚੌਧਰੀ ਨੰ ਡਿਸਮਿਸ ਕਰ ਦਿੱਤਾ ਤਾਂ ਸੀਨੀਅਰ ਹੋਣ ਕਾਰਨ ਰਾਣਾ ਭਗਵਾਨ ਦਾਸ ਪਾਕਿਸਤਾਨ ਦਾ ਐਕਟਿੰਗ ਚੀਫ ਜਸਟਿਸ ਬਣ ਗਿਆ ਤੇ 20 ਜੁਲਾਈ 2007 ਤੱਕ ਇਸ ਪਦਵੀ 'ਤੇ ਰਿਹਾ। ਉਹ ਇਸ ਪਦਵੀ ਤੱਕ ਪਹੁੰਚਣ ਵਾਲਾ ਪਹਿਲਾ ਹਿੰਦੂ ਜੱਜ ਸੀ। ਦਸੰਬਰ 2007 ਵਿੱਚ ਉਹ ਰਿਟਾਇਰ ਹੋ ਗਿਆ ਅਤੇ 23 ਫਰਵਰੀ 2015 ਨੂੰ ਹਾਰਟ ਅਟੈਕ ਕਾਰਨ ਉਸ ਦੀ ਮੌਤ ਹੋ ਗਈ।

ਦਾਨਿਸ਼ ਪ੍ਰਭਸ਼ੰਕਰ ਕਨੇਰੀਆ ਉਰਫ ਦਾਨਿਸ਼ ਕਨੇਰੀਆ ਦਾ ਜਨਮ 16 ਦਸੰਬਰ 1980 ਨੂੰ ਕਰਾਚੀ ਦੇ ਇੱਕ ਮੱਧ ਵਰਗੀ ਗੁਜਰਾਤੀ ਪਰਵਾਰ ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂਅ ਪ੍ਰਭਸ਼ੰਕਰ ਭਾਈ ਲਾਲਜੀ ਭਾਈ ਕਨੇਰੀਆ ਤੇ ਮਾਤਾ ਦਾ ਨਾਂ ਬਬੀਤਾ ਬੇਨ ਹੈ। ਉਸ ਦੀ ਪੜ੍ਹਾਈ ਸੇਂਟ ਪੈਟਰਿਕ ਹਾਈ ਸਕੂਲ ਅਤੇ ਸਰਕਾਰੀ ਇਸਲਾਮੀਆ ਕਾਲਜ ਕਰਾਚੀ ਤੋਂ ਹੋਈ। ਬਚਪਨ ਤੋਂ ਹੀ ਕ੍ਰਿਕਟ ਦਾ ਸ਼ੌਕੀਨ ਕਨੇਰੀਆ 1998 ਤੋਂ ਫਸਟ ਕਲਾਸ ਕ੍ਰਿਕਟ ਖੇਡਣ ਲੱਗ ਪਿਆ ਤੇ ਜਲਦੀ ਹੀ ਆਲ ਰਾਊਂਡਰ ਖਿਡਾਰੀ ਵਜੋਂ ਸੰਨ 2000 ਵਿੱਚ ਪਾਕਿਸਤਾਨ ਦੀ ਕੌਮੀ ਟੀਮ ਲਈ ਚੁਣਿਆ ਗਿਆ। ਉਹ ਆਪਣੇ ਮਾਮੇ ਦੇ ਪੁੱਤਰ ਅਨਿਲ ਦਲਪਤ ਤੋਂ ਬਾਅਦ ਪਾਕਿਸਤਾਨੀ ਕੌਮੀ ਟੀਮ ਲਈ ਖੇਡਣ ਵਾਲਾ ਦੂਸਰਾ ਹਿੰਦੂ ਖਿਡਾਰੀ ਹੈ। ਦਲਪਤ ਨੇ ਵੀ ਕੁਝ ਮੈਚਾਂ ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ ਸੀ। ਕਨੇਰੀਆ ਲਗਾਤਾਰ ਦਸ ਸਾਲ ਪਾਕਿਸਤਾਨ ਦੀ ਟੀਮ ਵੱਲੋਂ ਖੇਡਦਾ ਰਿਹਾ। ਉਸ ਦੀ ਗੁਗਲੀ ਬਹੁਤ ਖਤਰਨਾਕ ਸੀ ਅਤੇ ਉਹ ਵਸੀਮ ਅਕਰਮ, ਵੱਕਾਰ ਯੂਨਿਸ ਅਤੇ ਇਮਰਾਨ ਖਾਨ ਤੋਂ ਬਾਅਦ ਪਾਕਿਸਤਾਨ ਦਾ ਚੌਥਾ ਸਭ ਤੋਂ ਵੱਧ ਵਿਕਟਾਂ ਲੈਣ ਵਾਲਾ ਖਿਡਾਰੀ ਹੈ। ਪਾਕਿਸਤਾਨ ਤੋਂ ਇਲਾਵਾ ਉਹ ਇੰਗਲੈਂਡ ਦੇ ਐਸੇਕਸ ਕਾਊਂਟੀ ਕਲੱਬ ਵੱਲੋਂ ਵੀ ਖੇਡਦਾ ਰਿਹਾ ਹੈ, ਪਰ 2010 ਵਿੱਚ ਉਸ 'ਤੇ ਮੈਚ ਫਿਕਸਿੰਗ ਦੇ ਦੋਸ਼ ਲੱਗੇ ਅਤੇ ਉਸ 'ਤੇ ਜੀਵਨ ਭਰ ਲਈ ਖੇਡਣ 'ਤੇ ਪਾਬੰਦੀ ਲੱਗ ਗਈ।

ਦੀਪਕ ਪਰਵਾਨੀ ਦਾ ਜਨਮ 1973 ਵਿੱਚ ਮੀਰਪੁਰ ਖਾਸ (ਸਿੰਧ) ਦੇ ਸਿੰਧੀ ਹਿੰਦੂ ਪਰਵਾਰ ਵਿੱਚ ਹੋਇਆ। ਉਹ ਪਾਕਿਸਤਾਨ ਦਾ ਪ੍ਰਸਿੱਧ ਮਾਡਲ ਤੇ ਫੈਸ਼ਨ ਡਿਜ਼ਾਈਨਰ ਹੈ। ਉਸ ਨੇ ਦੁਨੀਆ ਦਾ ਸਭ ਤੋਂ ਵੱਡਾ ਕੁੜਤਾ ਬਣਾਇਆ ਹੈ, ਜੋ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿੱਚ ਦਰਜ ਹੈ। ਕੁੜਤੇ ਦੀ ਲੰਬਾਈ 101 ਫੁੱਟ, ਚੌੜਾਈ 60 ਫੁੱਟ ਤੇ ਬਾਹਾਂ ਦੀ ਲੰਬਾਈ 57 ਫੁੱਟ ਹੈ ਤੇ ਇਸ ਦਾ ਭਾਰ 800 ਕਿਲੋ ਹੈ। ਦੀਪਕ ਪਰਵਾਨੀ ਦਾ ਚਚੇਰਾ ਭਰਾ ਨਵੀਨ ਪਰਵਾਨੀ ਪਾਕਿਸਤਾਨ ਦਾ ਅੰਤਰ ਰਾਸ਼ਟਰੀ ਸਨੂਕਰ ਪਲੇਅਰ ਹੈ ਅਤੇ ਪਾਕਿਸਤਾਨੀ ਟੀਮ ਦੀ 2006 ਵਿੱਚ ਹੋਈਆਂ ਦੋਹਾ ਏਸ਼ੀਅਨ ਖੇਡਾਂ ਵਿੱਚ ਪ੍ਰਤੀਨਿਧਤਾ ਕਰ ਚੁੱਕਾ ਹੈ। ਉਹ ਜਾਰਡਨ ਵਿੱਚ 2006 ਵਿੱਚ ਵਰਲਡ ਚੈਂਪੀਅਨਸ਼ਿਪ ਵਿੱਚ ਦੂਸਰੇ ਥਾਂ ਰਿਹਾ ਸੀ।

ਪੇਸ਼ੇ ਤੋਂ ਡਾਕਟਰ ਰਮੇਸ਼ ਕੁਮਾਰ ਵੰਕਵਾਨੀ ਪਾਕਿਸਤਾਨੀ ਸਿਆਸਤ ਵਿੱਚ ਕਾਫੀ ਨਾਂਅ ਕਮਾ ਰਿਹਾ ਹੈ। ਮੁਸਲਿਮ ਲੀਗ ਵੱਲੋਂ ਉਹ ਘੱਟ ਗਿਣਤੀਆਂ ਲਈ ਰਿਜ਼ਰਵ ਸੀਟ ਤੋਂ 2002 ਵਿੱਚ ਐਮ ਐਲ ਏ ਅਤੇ 2014 ਵਿੱਚ ਨਵਾਜ਼ ਸ਼ਰੀਫ ਦੀ ਪਾਰਟੀ ਵੱਲੋਂ ਐਮ ਪੀ ਚੁਣਿਆ ਗਿਆ। ਇਸ ਵੇਲੇ ਉਹ ਪਾਰਲੀਮੈਂਟ ਦੀ ਅੰਕੜਾ ਕਮੇਟੀ ਦਾ ਚੇਅਰਮੈਨ ਹੈ।

ਮਹੇਸ਼ ਕੁਮਾਰ ਮਲਾਨੀ ਜਨਰਲ ਸੀਟ ਤੋਂ ਐਮ ਐਲ ਏ ਅਤੇ ਐਮ ਪੀ ਬਣਨ ਵਾਲਾ ਪਾਕਿਸਤਾਨ ਦਾ ਪਹਿਲਾ ਗੈਰ ਮੁਸਲਿਮ ਸਿਆਸਤਦਾਨ ਹੈ। ਉਸ ਦਾ ਜਨਮ 24 ਅਕਤੂਬਰ 1962 ਨੂੰ ਸਿੰਧ ਦੇ ਜ਼ਿਲ੍ਹਾ ਥਰਪਾਰਕਰ ਦੇ ਮਿੱਠੀ ਸ਼ਹਿਰ ਵਿੱਚ ਹੋਇਆ ਸੀ। ਸ਼ੁਰੂ ਤੋਂ ਹੀ ਉਹ ਬੇਨਜ਼ੀਰ ਭੁੱਟੋ ਦੀ ਪੀਪਲਜ਼ ਪਾਰਟੀ ਨਾਲ ਜੁੜਿਆ ਹੋਇਆ ਹੈ। ਸੰਨ 2008 ਵਿੱਚ ਘੱਟ ਗਿਣਤੀਆਂ ਲਈ ਰਿਜ਼ਰਵ ਸੀਟ ਤੋਂ ਸਿੰਧ ਅਸੈਂਬਲੀ ਲਈ ਐਮ ਐਲ ਏ ਚੁਣਿਆ ਗਿਆ। ਸੰਨ 2013 ਵਿੱਚ ਉਹ ਮਿੱਠੀ ਜਨਰਲ ਹਲਕੇ ਤੋਂ ਫਿਰ ਐਮ ਐਲ ਏ ਚੁਣਿਆ ਗਿਆ। ਸੰਨ 2018 ਵਿੱਚ ਹੋਈਆਂ ਚੋਣਾਂ ਵੇਲੇ ਉਸ ਨੇ ਥਰਪਾਕਰ ਜਨਰਲ ਹਲਕੇ ਤੋਂ ਐਮ ਪੀ ਸੀਟ ਜਿੱਤ ਕੇ ਇਤਿਹਾਸ ਰਚ ਦਿੱਤਾ। ਅਜਿਹਾ ਕਰਨ ਵਾਲਾ ਉਹ ਪਾਕਿਸਤਾਨ ਦਾ ਪਹਿਲਾ ਹਿੰਦੂ ਹੈ। ਉਸ ਤੋਂ ਪਹਿਲੇ ਸਾਰੇ ਹਿੰਦੂ ਸਿਆਸਤਦਾਨ ਘੱਟ ਗਿਣਤੀਆਂ ਲਈ ਰਿਜ਼ਰਵ ਸੀਟਾਂ 'ਤੇ ਹੀ ਜਿੱਤਦੇ ਰਹੇ ਹਨ।

# ਕਾਨਪੁਰ ਸਿੱਖ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਟੀਮ ਅੰਮ੍ਰਿਤਸਰ ਪੁੱਜੀ




ਅੰਮ੍ਰਿਤਸਰ, 13 ਦਸੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਨਵੰਬਰ 1984 ਵਿੱਚ ਵਾਪਰੇ ਸਿੱਖ ਕਤਲੇਆਮ ਸਮੇਂ ਉਤਰ ਪ੍ਰਦੇਸ਼ ਵਿੱਚ ਵਾਪਰੀਆਂ ਸਿੱਖ ਵਿਰੋਧੀ ਘਟਨਾਵਾਂ ਦੇ ਸਬੰਧ ਵਿੱਚ ਕੱਲ੍ਹ ਕਾਨਪੁਰ ਪੁਲਸ ਦੀ ਟੀਮ ਨੇ ਕੱਲ੍ਹ ਇਸ ਸ਼ਹਿਰ ਦਾ ਦੌਰਾ ਕੀਤਾ ਤੇ ਕੁਝ ਪੀੜਤ ਵਿਅਕਤੀਆਂ ਦੇ ਬਿਆਨ ਕਲਮਬੱਧ ਕੀਤੇ। ਉਤਰ ਪ੍ਰਦੇਸ਼ ਸਰਕਾਰ ਵੱਲੋਂ ਇਸ ਕੇਸ ਵਿੱਚ ਨਵੰਬਰ 1984 ਦੇ ਸਿੱਖ ਕਤੇਲਆਮ ਬਾਰੇ ਕਾਨਪੁਰ ਵਿੱਚ ਵਾਪਰੀਆਂ ਘਟਨਾਵਾਂ ਦੀ ਜਾਂਚ ਵਾਸਤੇ ਚਾਰ ਮੈਂਬਰੀ ਵਿਸ਼ੇਸ਼ ਟੀਮ ਬਣਾਈ ਗਈ ਹੈ।

ਮਿਲੀ ਜਾਣਕਾਰੀ ਮੁਤਾਬਕ ਵਿਸ਼ੇਸ਼ ਜਾਂਚ ਟੀਮ ਦੇ ਤਿੰਨ ਮੈਂਬਰਾਂ ਕੋਲ ਇਨ੍ਹਾਂ ਘਟਨਾਵਾਂ ਦੇ ਪੰਜ ਗਵਾਹਾਂ ਨੇ ਆਪਣੇ ਬਿਆਨ ਲਿਖਾਏ ਹਨ। ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਵਾਪਰੇ ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿੱਚ ਲਗਭਗ 125 ਵਿਅਕਤੀ ਮਾਰੇ ਗਏ ਸਨ ਅਤੇ ਇਸ ਬਾਰੇ 1200 ਤੋਂ ਵੱਧ ਕੇਸ ਦਰਜ ਕੀਤੇ ਗਏ ਸਨ। ਜਾਂਚ ਵਾਸਤੇ ਆਈ ਵਿਸ਼ੇਸ਼ ਜਾਂਚ ਟੀਮ ਵਿੱਚ ਸਬ ਇੰਸਪੈਕਟਰ ਸੂਰਜ ਪ੍ਰਤਾਪ ਸਿੰਘ, ਐਸ ਆਈ ਪੁਨੀਤ ਕੁਮਾਰ ਅਤੇ ਐਸ ਆਈ ਸੁਨੀਲ ਕਨੌਜੀਆ ਸ਼ਾਮਲ ਸਨ। ਜਾਂਚ ਟੀਮ ਕੋਲ ਬਿਆਨ ਦੇਣ ਲਈ ਪੁੱਜੇ ਪਰਵਾਰਾਂ ਨੇ ਉਸ ਵੇਲੇ ਵਾਪਰੀਆਂ ਘਟਨਾਵਾਂ ਅਤੇ ਹੋਈ ਲੁੱਟ ਬਾਰੇ ਜਾਣਕਾਰੀ ਦਿੱਤੀ। ਟੀਮ ਦੇ ਇੱਕ ਮੈਂਬਰ ਨੇ ਦੱਸਿਆ ਕਿ ਉਸ ਵੇਲੇ ਵਾਪਰੇ ਦੰਗਿਆਂ ਤੋਂ ਬਾਅਦ ਕਈ ਸਿੱਖ ਪਰਵਾਰ ਕਾਨਪੁਰ ਤੋਂ ਪੰਜਾਬ, ਮੱਧ ਪ੍ਰਦੇਸ਼, ਦਿੱਲੀ ਅਤੇ ਹੋਰ ਥਾਂਈਂ ਚਲੇ ਗਏ ਸਨ। ਸੁਪਰੀਮ ਕੋਰਟ ਦੇ ਹੁਕਮਾਂ 'ਤੇ ਬਣੀ ਵਿਸ਼ੇਸ਼ ਜਾਂਚ ਟੀਮ ਪ੍ਰਭਾਵਤ ਸਿੱਖ ਪਰਵਾਰਾਂ ਦੇ ਬਿਆਨ ਦਰਜ ਕਰਨ ਲਈ ਅਲੱਗ-ਅਲੱਗ ਸ਼ਹਿਰਾਂ ਵਿੱਚ ਜਾ ਰਹੀ ਹੈ ਅਤੇ ਲੁਧਿਆਣਾ ਵਿੱਚ ਪ੍ਰਭਾਵਤ ਪਰਵਾਰਾਂ ਅਤੇ ਗਵਾਹਾਂ ਦੇ ਬਿਆਨ ਕਲਮਬੱਧ ਕਰ ਚੁੱਕੀ ਹੈ।

# ਜੇਲ੍ਹ ਵਿੱਚ ਬੰਦ ਬਦਮਾਸ਼ਾਂ ਤੇ ਦਹਿਸ਼ਤਗਰਦਾਂ ਨਾਲ ਸਬੰਧਤ ਡਰੱਗ ਮਾਫੀਆ ਦਾ ਪਰਦਾ ਫਾਸ਼



ਚੰਡੀਗੜ੍ਹ, 13 ਦਸੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਦੋ ਜਣਿਆਂ ਦੀ ਗ੍ਰਿਫਤਾਰੀ ਅਤੇ ਚਾਰ ਕਿਲੋ ਹੈਰੋਇਨ ਦੀ ਬਰਾਮਦਗੀ ਨਾਲ ਗੈਂਗਸਟਰਾਂ ਤੇ ਦਹਿਸ਼ਤਗਰਦਾਂ ਨਾਲ ਸਬੰਧਤ ਅੰਤਰਰਾਸ਼ਟਰੀ ਸੰਪਰਕ ਵਾਲੇ ਵੱਡੇ ਡਰੱਗ ਮਾਫੀਆ ਦਾ ਪਰਦਾ ਫਾਸ਼ ਕੀਤਾ ਹੈ। ਮੁੱਢਲੀ ਜਾਂਚ ਵਿੱਚ ਦੋਸ਼ੀਆਂ, ਜਿਨ੍ਹਾਂ ਦੀ ਸ਼ਨਾਖਤ, ਜਸਵਿੰਦਰ ਸਿੰਘ ਉਰਫ ਜੱਸ ਅਤੇ ਰਮੇਸ਼ ਕੁਮਾਰ ਉਰਫ ਕੇਸ਼ਾ ਦੋਵੇਂ ਵਾਸੀ ਜਲੰਧਰ ਵਜੋਂ ਹੋਈ ਹੈ, ਦੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਕੁਝ ਗੈਂਗਸਟਰਾਂ ਤੇ ਦੁਬਈ ਦੇ ਇੱਕ ਤਸਕਰ ਨਾਲ ਗਠਜੋੜ ਦਾ ਪਰਦਾ ਫਾਸ਼ ਹੋਇਆ ਹੈ।

ਇਸ ਬਾਰੇ ਪੰਜਾਬ ਪੁਲਸ ਦੇ ਡੀ ਜੀ ਪੀ ਦਿਨਕਰ ਗੁਪਤਾ ਦੇ ਦੱਸਣ ਅਨੁਸਾਰ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਸ਼ਮੀਰ ਤੋਂ ਪੰਜਾਬ ਵਿੱਚ ਸਮਗਲ ਕੀਤੇ ਨਸ਼ਿਆਂ ਦੀ ਵਿਕਰੀ ਤੋਂ ਮਿਲੇ ਪੈਸੇ ਦੀ ਵਰਤੋਂ ਸੰਭਾਵੀ ਤੌਰ 'ਤੇ ਖਾੜਕੂ ਸਰਗਰਮੀਆਂ ਲਈ ਫੰਡਿੰਗ ਵਾਸਤੇ ਕੀਤੀ ਜਾਂਦੀ ਸੀ। ਦੋਸ਼ੀਆਂ ਕੋਲੋਂ ਹੈਰੋਇਨ ਤੋਂ ਇਲਾਵਾ ਦੋ ਦੇਸੀ 32 ਬੋਰ ਪਿਸਤੌਲ, ਸਮੇਤ 10 ਅਣਚੱਲੇ ਕਾਰਤੂਸ ਅਤੇ ਇੱਕ ਕਾਰ, ਜਿਸ ਦੀ ਵਰਤੋਂ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਗੈਂਗਸਟਰਾਂ ਦੇ ਇਸ਼ਾਰੇ 'ਤੇ ਸ੍ਰੀਨਗਰ ਤੋਂ ਨਸ਼ਿਆਂ ਦੀ ਤਸਕਰੀ ਲਈ ਕੀਤੀ ਜਾਂਦੀ ਸੀ, ਬਰਾਮਦ ਕੀਤੀ ਗਈ ਹੈ। ਡੀ ਜੀ ਪੀ ਨੇ ਖੁਲਾਸਾ ਕੀਤਾ ਕਿ ਜਲੰਧਰ (ਦਿਹਾਤੀ) ਪੁਲਸ ਨੂੰ ਜਸਵਿੰਦਰ ਸਿੰਘ, ਰਮੇਸ਼ ਕੁਮਾਰ ਤੇ ਗੁਰਸੇਵਕ ਸਿੰਘ ਸਬੰਧੀ ਫਿਰੋਜ਼ਪੁਰ ਜੇਲ੍ਹ ਵਿੱਚ ਬੰਦ ਪਲਵਿੰਦਰ ਸਿੰਘ ਉਰਫ ਪਿੰਦਾ ਦੇ ਇਸ਼ਾਰੇ 'ਤੇ ਡਰੱਗ ਨੈਟਵਰਕ ਚਲਾਉਣ ਦੀ ਸੂਹ ਮਿਲੀ ਸੀ।

ਪੁਲਸ ਵੱਲੋਂ ਐਸ ਐਸ ਪੀ, ਜਲੰਧਰ ਸੰਦੀਪ ਗਰਗ ਦੀ ਨਿਗਰਾਨੀ ਹੇਠ ਮਾਰੇ ਗਏ ਛਾਪੇ ਹੇਠ ਜ਼ਿਲ੍ਹਾ ਜਲੰਧਰ (ਦਿਹਾਤੀ) ਦੇ ਪਿੰਡ ਲੋਹੀਆਂ ਵਿਖੇ ਜਸਵਿੰਦਰ ਸਿੰਘ ਦੇ ਘਰਤੋਂ ਰਮੇਸ਼ ਕੁਮਾਰ ਤੇ ਜਸਵਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦਾ ਸਾਥੀ ਗੁਰਸੇਵਕ ਸਿੰਘ ਵਾਸੀ ਪਟਿਆਲਾ ਅਜੇ ਫਰਾਰ ਹੈ ਅਤੇ ਉਸ ਦੀ ਭਾਲ ਵਿੱਚ ਛਾਪੇ ਮਾਰੇ ਜਾ ਰਹੇ ਹਨ। ਇਸ ਸਾਰੇ ਮਾਮਲੇ ਦੀ ਐਸ ਐਸ ਪੀ ਗਰਗ ਨੇ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਗ੍ਰਿਫਤਾਰ ਕੀਤੇ ਵਿਅਕਤੀਆਂ ਖਿਲਾਫ ਬਣਦੀ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।


# ਤਿੰਨੇ ਭਾਰਤੀ ਫੌਜਾਂ ਵਿੱਚ ਰਹਿ ਚੁੱਕੇ ਕਰਨਲ ਪ੍ਰਿਥੀਪਾਲ ਗਿੱਲ ਸੌ ਸਾਲਾਂ ਦੇ ਹੋਏ



ਚੰਡੀਗੜ੍ਹ, 13 ਦਸੰਬਰ (ਪੋਸਟ ਬਿਊਰੋ)- ਦੂਸਰੇ ਵਿਸ਼ਵ ਯੁੱਧ ਦੇ ਬਜ਼ੁਰਗ ਫੌਜੀ ਅਤੇ ਤਿੰਨਾਂ ਫੌਜਾਂ (ਥਲ, ਜਲ ਅਤੇ ਹਵਾਈ) ਵਿੱਚ ਆਪਣੀ ਸੇਵਾ ਦੇਣ ਦਾ ਅਨੋਖਾ ਰਿਕਾਰਡ ਬਣਾਉਣ ਵਾਲੇ ਕਰਨਲ ਪ੍ਰਿਥੀਪਾਲ ਸਿੰਘ ਗਿੱਲ ਸ਼ੁੱਕਰਵਾਰ ਨੂੰ 100 ਸਾਲ ਦੇ ਹੋ ਗਏ, ਜਿਸ 'ਤੇ ਵੱਖ-ਵੱਖ ਵਰਗਾਂ ਤੋਂ ਉਨ੍ਹਾਂ ਨੂੰ ਵਧਾਈਆਂ ਦਾ ਤਾਂਤਾ ਲੱਗਾ ਹੋਇਆ ਹੈ।

ਭਾਰਤੀ ਫੌਜ ਵਿੱਚ ਆਪਣੀ ਸੇਵਾ ਦੇਣ ਵੇਲੇ ਕਰਨਲ ਗਿੱਲ ਨੇ 34 ਮੀਡੀਅਮ ਰੈਜ਼ੀਮੈਂਟ ਦੀ ਅਗਵਾਈ ਕੀਤੀ। ਉਨ੍ਹਾ ਦੇ ਜਨਮ ਦਿਨ ਮੌਕੇ 71 ਮੀਡੀਅਮ ਰੈਜ਼ੀਮੈਂਟ ਨੇ ਉਨ੍ਹਾਂ ਦੇ ਜੰਮੂ-ਕਸ਼ਮੀਰ ਦੇ ਰਾਜੌਰੀ ਵਾਲੇ ਘਰ ਕੇਕ, ਟਰਾਫੀ, ਟ੍ਰੈਕਸੂਟ ਅਤੇ ਟੀ-ਸ਼ਰਟ ਭੇਜੀ। ਵਰਨਣ ਯੋਗ ਹੈ ਕਿ ਸਾਲ 1965 ਵਿੱਚ ਪਾਕਿਸਤਾਨ ਦੇ ਨਾਲ ਜੰਗ ਦੌਰਾਨ ਪ੍ਰਿਥੀਪਾਲ ਸਿੰਘ ਗਿੱਲ 71 ਮੀਡੀਅਮ ਰੈਜ਼ੀਮੈਂਟ ਦੇ ਕਮਾਂਡਿੰਗ ਅਫਸਰ ਸਨ। ਉਨ੍ਹਾਂ ਦੀ ਨੂੰਹ ਹਰਪ੍ਰੀਤ ਕੌਰ ਨੇ ਦੱਸਿਆ ਕਿ ਗਿੱਲ ਨੇ ਤਿੰਨ ਦਹਾਕੇ ਦੇ ਕੈਰੀਅਰ ਵਿੱਚ ਰਾਇਲ ਇੰਡੀਅਨ ਏਅਰਫੋਰਸ, ਰਾਇਲ ਇੰਡੀਅਨ ਨੇਵੀ ਤੇ ਇੰਡੀਅਨ ਆਰਮੀ ਵਿੱਚ ਸੇਵਾ ਦੇਣ ਦਾ ਅਨੋਖਾ ਰਿਕਾਰਡ ਬਣਾਇਆ ਹੈ। ਕਰਨਲ ਗਿੱਲ ਦੀ ਪਤਨੀ ਪਰਮਿੰਦਰ ਕੌਰ 93 ਸਾਲ ਦੇ ਹਨ ਅਤੇ ਇਸ ਮਹੀਨੇ ਦੇ ਅਖੀਰ ਵਿੱਚ ਉਹ ਵਿਆਹ ਦੀ 70ਵੀਂ ਵਰ੍ਹੇਗੰਢ ਮਨਾਉਣਗੇ। ਕਰਨਲ ਗਿੱਲ ਨੇ ਲਾਹੌਰ ਦੇ ਸਰਕਾਰੀ ਕਾਲਜ ਤੋਂ ਬੀ ਏ ਕੀਤੀ ਅਤੇ ਬਾਅਦ ਵਿੱਚ ਲਾਹੌਰ ਦੇ ਵਾਲਟਨ ਏਅਰੋਡਰਮ ਤੋਂ ਪਾਇਲਟ ਦੀ ਟਰੇਨਿੰਗ ਪ੍ਰਾਪਤ ਕੀਤੀ ਤੇ ਸਾਲ 1942 ਵਿੱਚ ਰਾਇਲ ਇੰਡੀਅਨ ਏਅਰਫੋਰਸ ਵਿੱਚ ਭਰਤੀ ਹੋਏ। ਹਰਪ੍ਰੀਤ ਕੌਰ ਨੇ ਦੱਸਿਆ ਕਿ ਗਿੱਲ ਦੇ ਪਿਤਾ ਮੇਜਰ ਹਰਪਾਲ ਸਿੰਘ ਗਿੱਲ ਤੇ ਪਰਵਾਰ ਦੇ ਦਬਾਅ ਵਿੱਚ ਉਨ੍ਹਾਂ ਨੇ ਹਵਾਈ ਫੌਜ ਛੱਡ ਦਿੱਤੀ ਅਤੇ ਬਾਅਦ ਵਿੱਚ ਸਮੁੰਦਰੀ ਫੌਜ ਵਿੱਚ ਭਰਤੀ ਹੋ ਗਏ ਅਤੇ ਆਜ਼ਾਦੀ ਦੇ ਬਾਅਦ ਉਹ ਭਾਰਤੀ ਥਲ ਸੈਨਾ ਵਿੱਚ ਸ਼ਾਮਲ ਹੋਏ।

# ਗੁੱਸੇ ਵਿੱਚ ਅੰਗਹੀਣ ਪਤਨੀ ਦੀ ਗਲਾ ਘੁੱਟ ਕੇ ਹੱਤਿਆ




ਫਿਰੋਜ਼ਪੁਰ, 13 ਦਸੰਬਰ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਪਿੰਡ ਸੁਰ ਸਿੰਘ ਵਾਲਾ ਦੀ ਨਵੀਂ ਕਾਲੋਨੀ ਵਿੱਚ ਇਕ ਵਿਅਕਤੀ ਨੇ ਅੰਗਹੀਣ ਪਤਨੀ ਦੀ ਹੱਤਿਆ ਕਰ ਦਿੱਤੀ ਹੈ, ਮ੍ਰਿਤਕਾ ਦਾ ਦੋ ਸਾਲਾ ਪੁੱਤਰ ਮਾਂ ਦੀ ਲਾਸ਼ ਕੋਲ ਰੋਂਦਾ ਰਿਹਾ। ਅਗਲੇ ਦਿਨ ਸਵੇਰੇ ਗੁਆਂਢੀਆਂ ਨੇ ਇਤਲਾਹ ਦਿਤੀ ਤਾਂ ਮ੍ਰਿਤਕਾ ਦਾ ਭਰਾ ਉਥੇ ਪੁੱਜਾ।

ਥਾਣਾ ਕੁਲਗੜ੍ਹੀ ਦੇ ਐਸ ਐਚ ਓ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਕੁਲਦੀਪ ਕੌਰ (50) ਦੇ ਭਰਾ ਜਸਵੰਤ ਸਿੰਘ ਪਿੰਡ ਸੁਰ ਸਿੰਘ ਵਾਲਾ ਨੇ ਬਿਆਨ ਦਿੱਤੇ ਹਨ ਕਿ ਉਸ ਦੀ ਭੈਣ ਦਾ ਵਿਆਹ ਦਿਲਬਾਗ ਸਿੰਘ ਪੱਪੂ ਵਾਸੀ ਵਲਟੋਹਾ ਮੌਜੂਦਾ ਪਿੰਡ ਸੁਰ ਸਿੰਘ ਵਾਲਾ ਨਾਲ ਹੋਇਆ ਸੀ ਤੇ ਉਸ ਦੀ ਭੈਣ ਦੀਆਂ ਦੋ ਧੀਆਂ ਵੀ ਹਨ, ਜਿਹੜੀਆਂ ਵਿਆਹੀਆਂ ਹੋਈਆਂ ਹਨ। ਵਿਆਹ ਤੋਂ ਵੀਹ ਸਾਲਾਂ ਮਗਰੋਂ ਕੁਲਦੀਪ ਕੌਰ ਦੇ ਘਰ ਪੁੱਤਰ ਹੋਇਆ, ਜੋ ਦੋ ਸਾਲਾਂ ਦਾ ਹੈ। ਜਸਵੰਤ ਸਿੰਘ ਨੇ ਦੋਸ਼ ਲਾਇਆ ਹੈ ਕਿ ਇੱਕ ਰਾਤ 10 ਦਸੰਬਰ ਨੂੰ ਉਸ ਦੇ ਜੀਜਾ ਦਿਲਬਾਗ ਸਿੰਘ ਪੱਪੂ ਨੇ ਪਤਨੀ ਕੁਲਦੀਪ ਕੌਰ ਨੂੰ ਡੰਡਿਆਂ ਨਾਲ ਮਾਰਿਆ ਸੀ ਅਤੇ ਗੁਆਂਢੀ ਨੇ ਉਸ ਨੂੰ ਛੁਡਾਇਆ ਸੀ। ਫੇਰ 10 ਅਤੇ 11 ਦਸੰਬਰ ਦੀ ਰਾਤ ਨੂੰ ਦਿਲਬਾਗ ਨੇ ਅੰਗਹੀਣ ਕੁਲਦੀਪ ਕੌਰ ਨੂੰ ਕੁੱਟਿਆ ਤੇ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਮ੍ਰਿਤਕਾ ਦਾ ਦੋ ਸਾਲਾ ਪੁੱਤਰ ਗੁਰਫਤਹਿ ਸਿੰਘ ਸਾਰੀ ਰਾਤ ਮਾਂ ਦੀ ਲਾਸ਼ ਲਾਗੇ ਰੋਂਦਾ ਰਿਹਾ। ਸ਼ਿਕਾਇਤਕਰਤਾ ਮੁਤਾਬਕ 11 ਦਸੰਬਰ ਨੂੰ ਉਸ ਦੀ ਭੈਣ ਦੇ ਗੁਆਂਢੀਆਂ ਨੇ ਸੂਚਨਾ ਦਿੱਤੀ ਤਾਂ ਜਦੋਂ ਉਹ ਭੈਣ ਦੇ ਘਰ ਪੁੱਜਾ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਇੰਸਪੈਕਟਰ ਜਤਿੰਦਰ ਸਿੰਘ ਮੁਤਾਬਕ ਪੁਲਸ ਨੇ ਦਿਲਬਾਗ ਸਿੰਘ ਪੱਪੂ ਵਿਰੁੱਧ ਪਤਨੀ ਦੇ ਕਤਲ ਦੇ ਇਲਜ਼ਾਮਾਂ ਹੇਠ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਕਰਨੀ ਸੈਨਾ ਦੇਆਗੂਆਂ ਵੱਲੋਂ ਦੋ ਨੌਜਵਾਨਾਂ ਦੀ ਕੁੱਟਮਾਰ



ਮੁਕੇਰੀਆਂ, 13 ਦਸੰਬਰ (ਪੋਸਟ ਬਿਊਰੋ)- ਖੇਤੀ ਕਾਨੂੰਨਾਂ ਦੇ ਵਿਰੁੱਧ ਲੱਗੇ ਦਿੱਲੀ ਧਰਨੇ 'ਚ ਸ਼ਾਮਲ ਹੋਣ ਚੱਲੇ ਨੌਜਵਾਨਾਂ ਦੀ ਕਾਰ 'ਤੇ ਲੱਗੇ ਇੱਕ ਪੋਸਟਰ ਤੋਂ ਭੜਕੇ ਕਰਨੀ ਸੈਨਾ ਦੇ ਨੇ ਵੱਲੋਂ ਇਥੋਂ ਦੇ ਮਾਤਾ ਰਾਣੀ ਚੌਕ ਵਿਖੇ ਨੌਜਵਾਨਾਂ ਦੀ ਕੁੱਟਮਾਰ ਕੀਤੀ, ਜਿਸ ਦੇ ਵਿਰੋਧ ਵਿੱਚ ਕਿਸਾਨਾਂ ਨੇ ਹਮਲਾਵਰਾਂ ਨੂੰ ਗ੍ਰਿਫਤਾਰੀ ਲਈ ਪੁਲਸ ਨੂੰ ਅਲਟੀਮੇਟਮ ਦਿੱਤਾ ਹੈ। ਕਿਸਾਨਾਂ ਨੇ ਹਮਲਾਵਰਾਂ ਦੀ ਗ੍ਰਿਫਤਾਰੀ ਨਾ ਹੋਣ 'ਤੇ ਨੈਸ਼ਨਲ ਹਾਈਵੇ ਉੱਤੇ ਮਾਤਾ ਰਾਣੀ ਚੌਕ ਵਿਖੇ ਆਵਾਜਾਈ ਠੱਪ ਕਰਨ ਦਾ ਐਲਾਨ ਕੀਤਾ ਹੈ। ਪੁਲਸ ਨੇ ਪੀੜਤ ਨੌਜਵਾਨਾਂ ਦੇ ਬਿਆਨ ਦਰਜ ਕਰ ਕੇ ਸਿਵਲ ਹਸਪਤਾਲ ਤੋਂ ਮੈਡੀਕਲ ਕਰਵਾ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸ ਬਾਰੁ ਪੀੜਤ ਨੌਜਵਾਨਾਂ ਮਨਪ੍ਰੀਤ ਸਿੰਘ ਵਾਸੀ ਜ਼ਹੂਰਾ ਤੇ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਹ ਕਿਸਾਨੀ ਧਰਨੇ ਵਿੱਚ ਸ਼ਾਮਲ ਹੋਣ ਲਈ ਆਪਣੀ ਕਾਰ ਉੱਤੇ ਸ਼ਾਲਾ ਤੋਂ ਮੁਕੇਰੀਆਂ ਸਾਈਡ ਜਾ ਰਹੇ ਸਨ। ਇਸੇ ਦੌਰਾਨ ਫਾਰਚੂਨਰ ਕਾਰ ਵਿੱਚ ਕੁਝ ਨੌਜਵਾਨ ਉਨ੍ਹਾਂ ਦਾ ਪਿੱਛਾ ਕਰਨ ਲੱਗੇ ਅਤੇ ਉਨ੍ਹਾਂ ਵਾਰ-ਵਾਰ ਹਾਰਨ ਵਜਾਕੇ ਕਾਰ ਨੂੰ ਰੋਕਣ ਦਾ ਯਤਨ ਕੀਤਾ। ਜਦੋਂ ਉਹ ਮੁਕੇਰੀਆਂ ਦੇ ਮਾਤਾ ਰਾਣੀ ਚੌਕ ਵਿੱਚ ਪੁੱਜੇ ਤਾਂ ਪਿੱਛੇ ਆਈ ਕਾਰ ਦੇ ਸਵਾਰ ਆਪਣੇ ਆਪ ਨੂੰ ਕਰਨੀ ਸੈਨਾ ਦੇ ਆਗੂ ਦੱਸਣ ਵਾਲੇ ਬੈਨੀ ਮਿਨਹਾਸ ਨੇ ਉਨ੍ਹਾਂ ਦੀ ਕਾਰ ਜਬਰੀ ਰੋਕ ਕੇ ਕਾਰ ਦੀ ਚਾਬੀ ਕੱਢ ਕੇ ਕੁਝ ਹੋਰ ਸਾਥੀ ਬੁਲਾ ਲਏ। ਜਦੋਂ ਉਨ੍ਹਾਂ ਅਜਿਹਾ ਕਰਨ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਾਰ ਦੇ ਪਿੱਛੇ ਲੱਗੇ ਮੋਦੀ ਸਰਕਾਰ ਵਿਰੋਧੀ ਇੱਕ ਪੋਸਟਰ (ਖੇਤੀ ਬਿੱਲਾਂ ਬਾਰੇ ਉਹ ਲੋਕ ਸਮਝਾ ਰਹੇ ਨੇ, ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਗਊ ਦਾ ਦੁੱਧ ਪੀਣਾ ਕਿ ਮੂਤ) ਨੂੰ ਬਹਾਨਾ ਲਾ ਕੇ ਉਨ੍ਹਾਂ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ।ਪੀੜਤਾਂ ਨੇ ਦੱਸਿਆ ਕਿ ਬੈਨੀ ਮਿਨਹਾਸ ਨੇ ਦਾਅਵਾ ਕੀਤਾ ਕਿ ਉਸ ਦੀ ਸ਼ਹਿਰ ਦੇ ਡੀ ਐਸ ਪੀ ਅਤੇ ਹਲਕਾ ਵਿਧਾਇਕਾਂ ਨਾਲ ਨੇੜਤਾ ਹੈ ਤੇ ਉਹ ਅਜਿਹੇ ਪੋਸਟਰ ਲਾਉਣ ਵਾਲਿਆਂ ਨੂੰ ਜਾਨੋਂ ਮਾਰ ਦੇਵੇਗਾ। ਰੌਲਾ ਪੈਣ 'ਤੇ ਪੁੱਜੇ ਸਥਾਨਕ ਲੋਕਾਂ ਤੇ ਪੁਲਸ ਨੇ ਉਨ੍ਹਾਂ ਨੂੰ ਛੁਡਵਾਇਆ।ਇਸ ਦਾ ਪਤਾ ਲੱਗਦੇ ਹੀ ਕਿਸਾਨ ਜਥੇਬੰਦੀਆਂ ਦੇ ਆਗੂ ਸਤਨਾਮ ਸਿੰਘ ਬਾਗੜੀਆਂ, ਅਵਤਾਰ ਸਿੰਘ ਬੌਬੀ, ਉਂਕਾਰ ਸਿੰਘ,ਨਾਨਕ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਰੈਸਟ ਹਾਊਸ ਵਿੱਚ ਇਕੱਤਰ ਹੋ ਗਏ ਅਤੇ ਹਮਲਾਵਰਾਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ।

ਮੌਕੇ 'ਤੇ ਪੁੱਜੇ ਡੀ ਐਸ ਪੀ ਰਵਿੰਦਰ ਸਿੰਘ ਨੇ ਪੀੜਤ ਨੌਜਵਾਨਾਂ ਦੇ ਬਿਆਨ ਦਰਜ ਕੀਤੇ ਅਤੇ ਸਿਵਲ ਹਸਪਤਾਲ ਤੋਂ ਮੈਡੀਕਲ ਕਰਵਾ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ। ਸਿਵਲ ਹਸਪਤਾਲ ਵਿੱਚ ਕਿਸਾਨਾਂ ਨੇ ਪੁਲਸ ਨੂੰ ਚਿਤਾਵਨੀ ਦਿੱਤੀ ਕਿ ਜੇ ਭਲਕੇ ਤੱਕ ਹਮਲਾਵਰਾਂ ਵਿਰੁੱਧ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨ, ਧਮਕਾਉਣ ਤੇ ਮੋਦੀ ਭਗਤ ਬਣ ਕੇ ਦੰਗੇ ਭੜਕਾਉਣ ਦੀ ਕੋਸ਼ਿਸ਼ ਦਾ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਕਿਸਾਨ ਟਰਾਲੀਆਂ ਲਾ ਕੇ ਮਾਤਾ ਰਾਣੀ ਚੌਕ ਜਾਮ ਕਰ ਦੇਣਗੇ। ਐਸ ਐਚ ਓ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੀੜਤ ਨੌਜਵਾਨਾਂ ਦੇ ਬਿਆਨ ਦਰਜ ਕਰ ਲਏ ਗਏ ਹਨ ਅਤੇ ਮੈਡੀਕਲ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵਿਵਾਦ ਗ੍ਰਸਤ ਪੋਸਟਰ ਵਾਲੀ ਕਾਰ ਵੀ ਕਬਜ਼ੇ ਵਿੱਚ ਲੈ ਲਈ ਗਈ ਹੈ।

## ਸੜਕ ਹਾਦਸੇ ਵਿੱਚ ਏ ਐਸ ਆਈ ਦੀ ਮੌਤ

ਲੁਧਿਆਣਾ, 13 ਦਸੰਬਰ (ਪੋਸਟ ਬਿਊਰੋ)- ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਨ ਆਰ ਆਈ ਥਾਣਾ ਜਗਰਾਉਂਦੇ ਏ ਐਸ ਆਈ ਬਲਜਿੰਦਰ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਹੈ। ਇਸ ਸਬੰਧ ਵਿੱਚ ਥਾਣਾ ਸਿਟੀ ਰਾਏਕੋਟ ਵਿੱਚ ਅਣਪਛਾਤੇ ਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਮ੍ਰਿਤਕ ਬਲਜਿੰਦਰ ਸਿੰਘ ਦੇ ਪੁੱਤਰ ਸਗਨਪ੍ਰੀਤ ਸਿੰਘ ਪਿੰਡ ਖੋਖਰ ਕਲਾਂ ਥਾਣਾ ਲਹਿਰਾਗਾਗਾ ਤੇ ਮੌਜੂਦਾ ਵਾਸੀ ਕਵਾਟਰ ਥਾਣਾ ਸਿਟੀ-1 ਬਰਨਾਲਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਸ ਦੇ ਪਿਤਾ ਬਲਜਿੰਦਰ ਸਿੰਘ ਐਨ ਆਰ ਆਈ ਥਾਣਾ ਜਗਰਾਉਂ ਵਿੱਚ ਡਿਊਟੀ ਕਰਦੇ ਸਨ। ਉਹ 10 ਦਸੰਬਰ ਨੂੰ ਰੋਜ਼ ਵਾਂਗ ਆਪਣੀ ਡਿਊਟੀ ਕਰ ਕੇ ਜਗਰਾਉਂ ਤੋਂ ਬਰਨਾਲਾ ਜਾਣ ਲਈ ਰਾਏਕੋਟ ਆਏ ਸਨ। ਰਾਤ 9.30 ਵਜੇ ਦੇ ਕਰੀਬ ਬਰਨਾਲਾ ਚੌਕ ਰਾਏਕੋਟ ਵਿੱਚ ਬਰਨਾਲਾ ਜਾਣ ਲਈ ਮੇਰੇ ਪਿਤਾ ਬਲਜਿੰਦਰ ਸਿੰਘ ਨੇ ਕਿਸੇ ਅਣਪਛਾਤੇ ਵਹੀਕਲ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਵਾਹਨ ਤੇਜ਼ ਰਫਤਾਰ ਹੋਣ ਕਾਰਨ ਮੇਰੇ ਪਿਤਾ ਬਲਜਿੰਦਰ ਸਿੰਘ ਨੂੰ ਸਿੱਧੀ ਟੱਕਰ ਮਾਰ ਕੇ ਉਸ ਦੇ ਉਪਰੋਂ ਨਿਕਲ ਗਿਆ।ਉਨ੍ਹਾਂ ਨੂੰ ਬੇਹੱਦ ਗੰਭੀਰ ਹਾਲਤ ਵਿੱਚ ਪਹਿਲਾਂ ਸਿਮਰਤ ਹਸਪਤਾਲ ਰਾਏਕੋਟ ਤੇ ਉਸ ਤੋਂ ਬਾਅਦ ਦਿਆਨੰਦ ਹਸਪਤਾਲ ਦਾਖਲ ਕਰਵਾਇਆ ਗਿਆ। ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਸਗਨਪ੍ਰੀਤ ਸਿੰਘ ਦੇ ਬਿਆਨ 'ਤੇ ਅਣਪਛਾਤੇ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ।

# ਮਾਨਸਿਕ ਪਰੇਸ਼ਾਨੀ ਕਾਰਨ ਔਰਤ ਨੇ ਖੁਦਕੁਸ਼ੀ ਕਰ ਲਈ



ਜਲੰਧਰ, 13 ਦਸੰਬਰ (ਪੋਸਟ ਬਿਊਰੋ)- ਸਥਾਨਕ ਰੇਲਵੇ ਕਾਲੋਨੀ ਦੀ ਵਸਨੀਕ ਤਨੂੰ ਸ਼ਰਮਾ (38) ਪਤਨੀ ਸ਼ਕਤੀ ਕੁਮਾਰ ਨੇ ਭੇਦਭਰੀ ਹਾਲਤ ਵਿੱਚ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ ਹੈ।

ਇਸ ਬਾਰੇ ਥਾਣਾ ਨਵੀਂ ਬਾਰਾਂਦਰੀ ਦੇ ਮੁਖੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਤਨੂੰ ਸ਼ਰਮਾ ਨਾਂਅ ਦੀ ਔਰਤ ਨੇ ਖੁਦਕੁਸ਼ੀ ਕਰ ਲਈ ਹੈ। ਸੂਚਨਾ ਮਿਲਣ ਉਤੇ ਏ ਐਸ ਆਈ ਰਾਜੇਸ਼ ਕੁਮਾਰ ਪੁਲਸ ਪਾਰਟੀ ਸਮੇਤ ਸਿਵਲ ਹਸਪਤਾਲ ਪਹੁੰਚੇ, ਜਿੱਥੇ ਮ੍ਰਿਤਕਾ ਦੇ ਪਤੀ ਸ਼ਕਤੀ ਕੁਮਾਰ ਨੇ ਦੱਸਿਆ ਕਿ ਉਹ ਰੇਲਵੇ ਵਿੱਚ ਮੁਲਾਜ਼ਮ ਹੈ ਅਤੇ ਉਨ੍ਹਾਂ ਦੀ ਇੱਕ 17 ਸਾਲ ਦੀ ਧੀ ਹੈ। ਕੱਲ੍ਹ ਦੁਪਹਿਰ ਸਮੇਂ ਜਦੋਂ ਉਹ ਘਰ ਆਇਆ ਤਾਂ ਉਸ ਨੇ ਦੇਖਿਆ ਕਿ ਤਨੂੰ ਨੇ ਫਾਹਾ ਲਾਇਆ ਹੋਇਆ ਹੈ। ਉਸ ਨੇ ਉਸ ਨੂੰ ਫਾਹੇ ਨਾਲੋਂ ਉਤਾਰਿਆ ਅਤੇ ਤਨੂੰ ਦੀ ਨਬਜ਼ ਚੱਲਦੀ ਹੋਣ ਕਰਕੇ ਉਸ ਨੂੰ 108 ਨੰਬਰ ਉਤੇ ਐਂਬੂਲੈਂਸ ਨੂੰ ਫੋਨ ਕੀਤਾ, ਜਿਸ ਰਾਹੀਂ ਉਹ ਤਨੂੰ ਨੂੰ ਲੈ ਕੇ ਸਿਵਲ ਹਸਪਤਾਲ ਪਹੁੰਚੇ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਏ ਐਸ ਆਈ ਨੇ ਦੱਸਿਆ ਕਿ ਸ਼ਕਤੀ ਕੁਮਾਰ ਅਤੇ ਮ੍ਰਿਤਕਾ ਦੇ ਪਿਤਾ ਬ੍ਰਿਜ ਭੂਸ਼ਣ ਵਾਸੀ ਮਾਨ ਸਿੰਘ ਨਗਰ, ਲੱਧੇਵਾਲੀ ਨੇ ਦੱਸਿਆ ਹੈ ਕਿ ਤਨੂੰ ਨੇ ਇਹ ਦਿਮਾਗੀ ਪ੍ਰੇਸ਼ਾਨੀ ਕਾਰਨ ਕੀਤਾ ਹੈ, ਇਸ ਲਈ ਫਿਲਹਾਲ ਸੀ ਆਰ ਪੀ ਸੀ ਦੀ ਧਾਰਾ 174 ਤਹਿਤ ਕਾਰਵਾਈ ਕੀਤੀ ਗਈ ਹੈ।

# ਪ੍ਰੇਮੀ ਜੋੜੇ ਨੇ ਟ੍ਰੇਨ ਅੱਗੇ ਛਾਲ ਮਾਰ ਕੇ ਜਾਨ ਦਿੱਤੀ

* ਦੋਵਾਂ ਪਰਵਾਰਾਂ ਨੇ ਕਿਹਾ, ਅਸੀਂ ਕਾਰਵਾਈ ਨਹੀਂ ਕਰਵਾਉਣੀ



ਕਪੂਰਥਲਾ, 13 ਦਸੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਕਪੂਰਥਲਾ-ਜਲੰਧਰ ਖੋਜੇਵਾਲ ਰੇਲਵੇ ਸਟੇਸ਼ਨ ਨੇੜੇ ਪ੍ਰੇਮੀ ਜੋੜੇ ਨੇ ਟਰੇਨ ਦੇ ਅੱਗੇ ਛਾਲ ਮਾਰ ਕੇ ਜਾਨ ਦੇ ਦਿੱਤੀ। ਘਟਨਾ ਦਾ ਸਵੇਰੇ ਛੇ ਵਜੇ ਪਤਾ ਲੱਗਾ। ਜੀ ਆਰ ਪੀ ਨੇ ਸਾਰੇ ਰੇਲਵੇ ਸਟੇਸ਼ਨਾਂ ਤੇ ਥਾਣਿਆਂ ਵਿੱਚ ਸੂਚਨਾਵਾਂ ਭੇਜੀਆਂ। ਸ਼ਾਮ ਚਾਰ ਵਜੇ ਦੋਵਾਂ ਦੀ ਪਛਾਣ ਹੋ ਗਈ। ਦੋਵਾਂ ਦੇ ਪਰਵਾਰਕ ਮੈਂਬਰ ਕਪੂਰਥਲਾ ਰੇਲਵੇ ਸਟੇਸ਼ਨ ਜੀ ਆਰ ਪੀ ਦਫਤਰ ਪਹੁੰਚੇ ਅਤੇ ਬਿਆਨ ਕਲਮਬੱਧ ਕਰਵਾਏ। ਦੋਵਾਂ ਪਰਵਾਰਾਂ ਨੇ ਇੱਕ ਦੂਸਰੇ 'ਤੇ ਕੋਈ ਕਾਰਵਾਈ ਨਾ ਕਰਨ ਦੀ ਗੱਲ ਕਹੀ। ਪੁਲਸ ਨੇ 174 ਦੀ ਕਾਰਵਾਈ ਕੀਤੀ ਹੈ।

ਜੀ ਆਰ ਪੀ ਮੁਤਾਬਕ 22 ਸਾਲਾ ਨੌਜਵਾਨ ਐਲੂਮੀਨੀਅਮ ਦਾ ਕੰਮ ਕਰਦਾ ਸੀ ਤੇ 16 ਸਾਲਾ ਲੜਕੀ 11ਵੀਂ ਦੀ ਵਿਦਿਆਰਥਣ ਸੀ। ਉਨ੍ਹਾਂ ਦੀ ਜਾਣ-ਪਛਾਣ ਕੁਝ ਮਹੀਨੇ ਪਹਿਲਾਂਓਦੋਂ ਹੋਈ ਸੀ, ਜਦ ਲੜਕਾ ਉਸ ਲੜਕੀ ਦੇ ਇਲਾਕੇ ਵਿੱਚ ਕੰਮ ਕਰਨ ਗਿਆ ਸੀ। ਇਸ ਦੌਰਾਨ ਦੋਵਾਂ ਦੀ ਗੱਲਬਾਤ ਸ਼ੁਰੂ ਹੋ ਗਈ, ਜਿਸ ਦੇ ਬਾਰੇ ਦੋਵਾਂ ਦੇ ਪਰਵਾਰਾਂ ਨੂੰ ਵੀ ਪਤਾ ਲੱਗ ਗਿਆ। ਤਦ ਲੜਕੀ ਦੇ ਘਰਦਿਆਂ ਨੇ ਉਸ ਨੂੰ ਲੜਕੇ ਨਾਲ ਗੱਲ ਕਰਨ ਤੋਂ ਮਨ੍ਹਾ ਕੀਤਾ। ਜਿਸ ਪਿੱਛੋਂ ਦੋਵਾਂ (ਲੜਕੇ-ਲੜਕੀ) ਨੇ ਭੱਜਣ ਦਾ ਪਲਾਨ ਬਣਾਇਆ ਅਤੇ ਵੀਰਵਾਰ ਸ਼ਾਮ ਦੋਵੇਂ ਘਰੋਂ ਭੱਜ ਗਏ ਅਤੇ ਸ਼ੁੱਕਰਵਾਰ ਦੇਰ ਰਾਤ ਖੋਜੇਵਾਲ ਰੇਲਵੇ ਸਟੇਸ਼ਨ ਦੇ ਨੇੜੇ ਟਰੇਨ ਦੇ ਅੱਗੇ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।ਜੀ ਆਰ ਪੀ ਕਪੂਰਥਲਾ ਦੇ ਏ ਐਸ ਆਈ ਸਲਵਿੰਦਰ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ ਛੇ ਵਜੇ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਕਪੂਰਥਲਾ-ਜਲੰਧਰ ਰੇਲ ਟ੍ਰੈਕ 'ਤੇ ਖੋਜੇਵਾਲ ਸਟੇਸ਼ਨ ਨੇੜੇ ਰੇਲ ਲਾਈਨਾਂ ਵਿੱਚ ਲੜਕੇ-ਲੜਕੀ ਦੀਆਂ ਲਾਸ਼ਾਂ ਪਈਆਂ ਹਨ, ਜਿਨ੍ਹਾਂ ਦੀ ਮੌਤ ਟਰੇਨ ਦੀ ਲਪੇਟ ਵਿੱਚ ਆਉਣ ਕਾਰਨ ਹੋਈ ਹੈ। ਉਹ ਉਥੇ ਪਹੁੰਚੇ। ਲੜਕਾ-ਲੜਕੀ ਦੀਆਂ ਲਾਸ਼ਾਂ ਦੀ ਪਛਾਣ ਕਿਰਨਦੀਪ ਕੌਰ (16) ਪੁੱਤਰੀ ਸਰਬਜੀਤ ਸਿੰਘ ਵਾਸੀ ਮੁਹੱਲਾ ਗ੍ਰੀਨ ਵੈਲੀ ਬਸਤੀ ਦਾਨਿਸ਼ਮੰਦਾਂ ਜਲੰਧਰ ਅਤੇ ਮਨਪ੍ਰੀਤ (22) ਪੁੱਤਰ ਗੁਰਨਾਮ ਸਿੰਘ ਪਿੰਡ ਸਫੀਪੁਰ ਜਲੰਧਰ ਦੇ ਰੂਪ ਵਿੱਚ ਹੋਈ ਹੈ।






# ਸ਼ਰਦ ਪਵਾਰ ਤੋਂ ਪ੍ਰਧਾਨ ਮੰਤਰੀ ਬਣਨ ਦੇ ਮੌਕੇ ਖੁੱਸਣ ਦਾ ਮੁੱਦਾ ਭਖਿਆ

ਮੁੰਬਈ, 13 ਦਸੰਬਰ (ਪੋਸਟ ਬਿਊਰੋ)- ਕੱਲ੍ਹ ਨੈਸ਼ਨਲਿਸਟ ਕਾਂਗਰਸ ਪਾਰਟੀ (ਐਨ ਸੀ ਪੀ) ਦੇ ਮੁਖੀ ਸ਼ਰਦ ਪਵਾਰ ਦੇ 80ਵੇਂ ਜਨਮ ਦਿਨ ਮੌਕੇ ਉਨ੍ਹਾਂ ਤੋਂ ਪ੍ਰਧਾਨ ਮੰਤਰੀ ਬਣਨ ਦੇ ਮੌਕੇ ਖੁੱਸਣ ਦਾ ਮੁੱਦਾ ਛਾਇਆ ਰਿਹਾ। ਵਰਨਣ ਯੋਗ ਹੈ ਕਿ ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸੀ ਨੇਤਾ ਰਾਹੁਲ ਗਾਂਧੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਐਨ ਸੀ ਪੀ ਨੇਤਾ ਸ਼ਰਦ ਪਵਾਰ ਨੂੰ ਜਨਮ ਦਿਨ ਦੀ ਵਧਾਈ ਦੇ ਕੇ ਉਨ੍ਹਾਂ ਦੀ ਚੰਗੀ ਸਿਹਤ ਦੀ ਕਾਮਨਾ ਕੀਤੀ ਸੀ।



ਦੂਜੇ ਪਾਸੇ ਐਨ ਸੀ ਪੀ ਨੇਤਾ ਪ੍ਰਫੁੱਲ ਪਟੇਲ ਨੇ ਕਾਂਗਰਸ 'ਤੇ ਦੋਸ਼ ਲਾਇਆ ਕਿ ਪਾਰਟੀ ਦੇ ਅੰਦਰੂਨੀ ਸਭਿਆਚਾਰ ਕਾਰਨ ਸ਼ਰਦ ਪਵਾਰ 1990 ਦੇ ਦਹਾਕੇ ਵਿੱਚ ਦੋ ਵਾਰ ਪ੍ਰਧਾਨ ਮੰਤਰੀ ਬਣਨ ਤੋਂ ਖੁੰਝ ਗਏ। ਕਈ ਅਖਬਾਰਾਂ ਵਿੱਚ ਛਪੇ ਲੇਖ ਵਿੱਚ ਸਾਬਕਾ ਕੇਂਦਰੀ ਮੰਤਰੀ ਪਟੇਲ ਨੇ ਦਾਅਵਾ ਕੀਤਾ ਕਿ 'ਕਾਂਗਰਸ ਵਿਚਲੀ ਦਰਬਾਰੀ ਰਾਜਨੀਤੀ ਕਾਰਨ ਸ਼ਰਦ ਪਵਾਰ 1990 ਦੇ ਦਹਾਕੇ ਵਿੱਚ ਪ੍ਰਧਾਨ ਮੰਤਰੀ ਨਹੀਂ ਬਣ ਸਕੇ। ਉਹ 1991 ਤੇ 1996 'ਚ ਪ੍ਰਧਾਨ ਮੰਤਰੀ ਦੀ ਭੂਮਿਕਾ ਲਈ ਯੋਗ ਸਨ, ਪਰ ਦਰਬਾਰੀ ਰਾਜਨੀਤੀ ਉਨ੍ਹਾਂ ਦੇ ਰਾਹ ਦਾ ਰੋੜਾ ਬਣ ਗਈ ਸੀ। ਸ਼ਰਦ ਪਵਾਰ ਦੇ 80ਵੇਂ ਜਨਮ ਦਿਨ ਮੌਕੇ ਬੋਲਦਿਆਂ ਪ੍ਰਫੁਲ ਪਟੇਲ ਨੇ ਕਿਹਾ, 'ਉਨ੍ਹਾਂ ਦਾ ਇਹ ਅਧੂਰਾ ਸੁਫਨਾ ਪੂਰਾ ਕੀਤਾ ਜਾ ਸਕਦਾ ਹੈ।' ਇਸੇ ਦੌਰਾਨ ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਕਿਹਾ, 'ਘੱਟ ਸਮਰੱਥਾ ਵਾਲੇ ਲੋਕ ਉਨ੍ਹਾਂ ਤੋਂ ਡਰਦੇ ਸਨ, ਜਿਨ੍ਹਾਂ ਨੇ ਇਹ ਯਕੀਨੀ ਬਣਾਇਆ ਸ਼ਰਦ ਪਵਾਰ ਸਿਖਰਲੇ ਸਥਾਨ ਉਤੇ ਨਾ ਪਹੁੰਚ ਸਕਣ।' ਉਨ੍ਹਾਂ ਮੁਤਾਬਕ 'ਪਵਾਰ ਦੀ ਸਮਰੱਥਾ ਅਤੇ ਗੁਣ ਹੀ ਉਨ੍ਹਾਂ ਦੇ ਸਿਆਸੀ ਸਫਰ ਵਿੱਚ ਰੋੜਾ ਬਣ ਗਏ।'

# ਕਿਸਾਨ ਅੰਦੋਲਨ ਤੇਜ਼ ਹੋਣ ਕਾਰਨ ਦਿੱਲੀ ਬਾਰਡਰਾਂ 'ਤੇ ਸੁਰੱਖਿਆ ਵਧਾਈ

ਨਵੀਂ ਦਿੱਲੀ, 13 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨਾਂ ਵੱਲੋਂ ਅੰਦੋਲਨ ਨੂੰ ਹੋਰ ਤੇਜ਼ ਕਰਨ ਅਤੇ ਜੈਪੁਰ-ਦਿੱਲੀ ਅਤੇ ਦਿੱਲੀ-ਆਗਰਾ ਐਕਸਪ੍ਰੈਸਵੇਅ ਨੂੰ ਜਾਮ ਕਰਨ ਦੇ ਐਲਾਨ ਦੇ ਕਾਰਨ ਦਿੱਲੀ ਪੁਲਸ ਨੇ ਸ਼ਹਿਰ ਦੀਆਂ ਹੱਦਾਂ 'ਤੇ ਸੁਰੱਖਿਆ ਹੋਰ ਵਧਾ ਦਿੱਤੀ ਹੈ।

ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਗੁੜਗਾਉਂ ਦੇ ਨਾਲ ਲੱਗਦੀ ਦਿੱਲੀ ਸਰਹੱਦ ਤੇ ਜੈਪੁਰ ਨਾਲ ਕੌਮੀ ਰਾਜਧਾਨੀ ਦਿੱਲੀ ਨੂੰ ਜੋੜਨ ਵਾਲੇ ਨੈਸ਼ਨਲ ਹਾਈਵੇ ਨੰਬਰ 8 ਉੱਤੇ ਅਜੇ ਤੱਕ ਕੋਈ



ਪ੍ਰਦਰਸ਼ਨ ਨਹੀਂ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਮਾਜ ਸੇਵਕ ਯੋਗੇਂਦਰ ਯਾਦਵ, ਜੋ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦਾ ਹਿੱਸਾ ਹਨ, ਨੇ ਕੱਲ੍ਹ ਟਵਿੱਟਰ 'ਤੇ ਕਿਹਾ ਸੀ ਕਿ ਰਾਜਸਥਾਨ ਅਤੇ ਹਰਿਆਣਾ ਦੇ ਖੇਤਰਾਂ 'ਚ ਕਿਸਾਨ ਸ਼ਨੀਵਾਰ ਨੂੰ ਇਕੱਠੇ ਹੋਣਗੇ ਤੇ ਐਤਵਾਰ ਦਿੱਲੀ ਚੱਲੋ ਮਾਰਚ ਸ਼ੁਰੂ ਹੋਵੇਗਾ। ਇਸ ਅਧਿਕਾਰੀ ਨੇ ਕਿਹਾ ਕਿ ਅੱਜ ਤੱਕ ਦਿੱਲੀ-ਗੁੜਗਾਉਂ ਸਰਹੱਦ 'ਤੇ ਕੋਈ ਪ੍ਰਦਰਸ਼ਨ ਨਹੀਂ ਤੇ ਆਵਾਜਾਈ ਨੂੰ ਪ੍ਰਭਾਵਤ ਕਰਨ ਦੀ ਕੋਈ ਹਰਕਤ ਨਹੀਂ ਹੋਈ, ਪਰ ਅਸੀਂ ਹਰ ਹਾਲਤ ਨਾਲ ਨਜਿੱਠਣ ਲਈ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਹੋਏ ਹਨ, ਜਿਨ੍ਹਾਂ 'ਚ ਬਹੁ ਪੱਧਰੀ ਰੋਕਾਂ ਲਾਉਣਾ ਅਤੇ ਭਾਰੀ ਪੁਲਸ ਫੋਰਸ ਤੈਨਾਤ ਕਰਨਾ ਸ਼ਾਮਲ ਹੈ।ਉਨ੍ਹਾਂ ਦੱਸਿਆ ਕਿ ਆਉਣ-ਜਾਣ ਵਾਲੇ ਲੋਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ, ਇਸ ਲਈ ਦਿੱਲੀ ਟਰੈਫਿਕ ਪੁਲਸ ਨੇ ਮਹੱਤਵਪੂਰਨ ਹੱਦਾਂ 'ਤੇ ਆਪਣੇ ਕਰਮਚਾਰੀਆਂ ਨੂੰ ਤੈਨਾਤ ਕੀਤਾ ਹੈ।

# ਪਰਿਵਾਰ ਯੋਜਨਾਬੰਦੀ ਲਈ ਸਰਕਾਰ ਕਿਸੇ ਨੂੰ ਮਜਬੂਰ ਨਹੀਂ ਕਰ ਸਕਦੀ

***ਆਬਾਦੀ ਕੰਟਰੋਲ ਕਰਨ ਬਾਰੇ ਭਾਰਤ ਸਰਕਾਰ ਦਾ ਕੋਰਟ ਨੂੰ ਜਵਾਬ**

ਨਵੀਂ ਦਿੱਲੀ, 13 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਸਰਕਾਰ ਦੇਸ਼ ਦੇ ਲੋਕਾਂ 'ਤੇ ਜਬਰੀ ਪਰਵਾਰ ਭਲਾਈ ਠੋਸਣ ਦੇ ਵਿਰੁੱਧ ਹੈ। ਮਿਥੀ ਗਿਣਤੀ ਵਿੱਚ ਬੱਚਿਆਂ ਨੂੰ ਜਨਮ ਦੇਣ ਦੀ ਕਿਸੇ ਤਰ੍ਹਾਂ ਦੀ ਪਾਬੰਦੀ ਵੀ ਨੁਕਸਾਨਦੇਹ ਹੋਵੇਗੀ ਅਤੇ ਇਸ ਨਾਲ ਦੇਸ਼ ਦੀ ਆਬਾਦੀ ਬਾਰੇ ਕਈ ਪ੍ਰੇਸ਼ਾਨੀਆਂ ਹੋਣਗੀਆਂ।

ਇਸ ਸੰਬੰਧ ਵਿੱਚ ਭਾਰਤ ਦੇ ਸਿਹਤ ਮੰਤਰਾਲੇ ਨੇ ਸੁਪਰੀਮ ਕੋਰਟ ਵਿੱਚ ਪੇਸ਼ ਇੱਕ ਜਨਹਿਤ ਪਟੀਸ਼ਨ ਦੇ ਸਬੰਧ ਵਿੱਚ ਆਪਣੇ ਐਫੀਡੇਵਿਟ ਵਿੱਚ ਕਿਹਾ ਕਿ ਦੇਸ਼ ਵਿੱਚ ਪਰਵਾਰ ਭਲਾਈ ਪ੍ਰੋਗਰਾਮ ਪੂਰੀ ਤਰ੍ਹਾਂ ਸਵੈ ਇਛੁੱਕ ਹਨ। ਇਸ ਦੇ ਨਾਲ ਆਪਣੇ ਪਰਵਾਰ ਦੇ ਸਾਈਜ਼ ਦਾ ਫੈਸਲਾ ਪਤੀ-ਪਤਨੀ ਕਰ ਸਕਦੇ ਹਨ। ਉਹ



ਆਪਣੀ ਇੱਛਾ ਮੁਤਾਬਕ ਪਰਵਾਰ ਭਲਾਈ ਦੇ ਢੰਗ ਅਪਨਾ ਸਕਦੇ ਹਨ, ਇਸ ਵਿੱਚ ਕੋਈ ਗੱਲ ਉਨ੍ਹਾਂ ਉੱਤੇ ਠੋਸੀ ਨਹੀਂ ਜਾ ਸਕਦੀ। ਭਾਜਪਾ ਨੇਤਾ ਅਤੇ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਦੀ ਜਨਹਿਤ ਪਟੀਸ਼ਨ ਦੇ ਜਵਾਬ ਵਿੱਚ ਇਹ ਗੱਲ ਕਹੀ ਗਈ ਹੈ। ਪਟੀਸ਼ਨ ਵਿੱਚ ਦਿੱਲੀ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ ਵਿੱਚ ਅਦਾਲਤ ਨੇ ਦੇਸ਼ ਦੀ ਵਧਦੀ ਆਬਾਦੀ 'ਤੇ ਕੰਟਰੋਲ ਕਰਨ ਲਈ ਦੋ ਬੱਚਿਆਂ ਦੇ ਨਿਯਮ ਸਮੇਤ ਕੁਝ ਕਦਮਾਂ ਨੂੰ ਉਠਾਉਣ ਦੀ ਮੰਗ ਕਰਨ ਵਾਲੀ ਉਨ੍ਹਾਂ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ।ਸਿਹਤ ਮੰਤਰਾਲੇ ਨੇ ਕਿਹਾ ਕਿ 'ਲੋਕ ਸਿਹਤ' ਸੂਬਾਈ ਸਰਕਾਰ ਦੇ ਅਧਿਕਾਰ ਦਾ ਵਿਸ਼ਾ ਹੈ। ਲੋਕਾਂ ਨੂੰ ਸਿਹਤ ਦੀਆਂ ਪ੍ਰੇਸ਼ਾਨੀਆਂ ਤੋਂ ਬਚਾਉਣ ਲਈ ਸੂਬਾਈ ਸਰਕਾਰਾਂ ਨੂੰ ਸਿਹਤ ਖੇਤਰ ਵਿੱਚ ਢੁੱਕਵੇਂ ਤੇ ਟਿਕਾਊ ਢੰਗ ਨਾਲ ਸੁਧਾਰ ਕਰਨੇ ਚਾਹੀਦੇ ਹਨ।ਸੁਪਰੀਮ ਕੋਰਟ ਨੇ ਤਿੰਨ ਸਤੰਬਰ ਨੂੰ ਇੱਕ ਪਟੀਸ਼ਨ ਰੱਦ ਕਰਦੇ ਹੋਏ ਕਿਹਾ ਸੀ ਕਿ ਕਾਨੂੰਨ ਬਣਾਉਣਾ ਪਾਰਲੀਮੈਂਟ ਅਤੇ ਸੂਬਾਈ ਵਿਧਾਨ ਸਭਾਵਾਂ ਦਾ ਕੰਮ ਹੈ, ਅਦਾਲਤ ਦਾ ਨਹੀਂ। ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਭਾਰਤ ਦੀ ਆਬਾਦੀ ਚੀਨ ਤੋਂ ਵੀ ਵੱਧ ਹੋ ਗਈ ਹੈ। ਇਥੇ ਵੀਹ ਫੀਸਦੀ ਭਾਰਤੀਆਂ ਕੋਲ ਆਧਾਰ ਕਾਰਡ ਨਹੀਂ ਹਨ।

# ਰੇਲਵੇ ਰਿਸ਼ਵਤ ਕਾਂਡ ਵਿੱਚ ਕਾਲੇ ਧਨ ਨੂੰ ਜਾਇਜ ਬਣਾਉਣ ਦੀ ਕੋਸ਼ਿਸ਼ ਹੋਈ

ਨਵੀਂ ਦਿੱਲੀ, 13 ਦਸੰਬਰ (ਪੋਸਟ ਬਿਊਰੋ)- ਸਾਲ 2013 ਵਿੱਚ ਹੋਏ ਰੇਲਵੇ ਰਿਸ਼ਵਤ ਕਾਂਡ ਦੇ ਦੋਸ਼ੀਆਂ ਨੇ ਆਪਣੇ ਕੀਤੇ ਗੁਨਾਹ 'ਤੇ ਪਰਦਾ ਪਾਉਣ ਲਈ ਕਾਲੇ ਧਨ ਨੂੰ ਕਈ ਕੰਪਨੀਆਂ ਵਿੱਚ ਲਾ ਕੇ ਇਹ ਜ਼ਾਹਰ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਇਹ ਕਮਾਈ ਇਨਵੈਸਟਮੈਂਟਵਿੱਚੋਂ ਹੋਈ ਹੈ।



ਇਹ ਗੱਲ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੂੰ ਆਪਣੀ ਜਾਂਚ ਵਿੱਚ ਪਤਾ ਲੱਗੀ ਹੈ। ਈ ਡੀ ਨੇ ਇਸ ਦਾ ਜ਼ਿਕਰ ਇਸ ਕੇਸ ਬਾਰੇ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਚਾਰਜ ਸ਼ੀਟ ਵਿੱਚ ਕੀਤਾ ਹੈ। ਰੇਲਵੇ ਵਿਭਾਗ ਦਾ ਇਹ ਰਿਸ਼ਵਤ ਕਾਂਡ ਕਮਾਊ ਅਹੁਦਿਆਂ 'ਤੇ ਟਰਾਂਸਫਰਾਂ ਲਈ ਹੋਇਆ ਸੀ। ਦੋਸ਼ ਪੱਤਰ ਵਿੱਚ ਰੇਲਵੇ ਦੇ ਉਚ ਅਧਿਕਾਰੀ ਮਹੇਸ਼ ਕੁਮਾਰ, ਓਦੋਂ ਦੇ ਰੇਲਵੇ ਮੰਤਰੀ ਪਵਨ ਕੁਮਾਰ ਬਾਂਸਲ ਦੇ ਭਾਣਜੇ ਵਿਜੈ ਸਿੰਗਲਾ, ਐਨ. ਮੰਜੂਨਾਥ, ਸੰਦੀਪ ਗੋਇਲ, ਅਜੈ ਗਰਗ, ਸੰਧੀਰ ਸੁਸ਼ੀਲ ਡਾਗਾ, ਸੀ ਵੀ ਵੇਣੂਗੋਪਾਲ, ਐਮ ਵੀ ਮੁਰਲੀ ਕ੍ਰਿਸਨ ਅਤੇ ਵੈਂਕਟੇਸ਼ਵਰਾ ਰੇਲ ਨਿਰਮਾਣ ਪ੍ਰਾਈਵੇਟ ਲਿਮਟਿਡ ਦੇ ਨਾਂਅ ਹਨ। ਇਨ੍ਹਾਂ ਸਭ 'ਤੇ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ ਦੇ ਕੇਸ ਹਨ। ਇਨ੍ਹਾਂ ਉਤੇ ਗੈਰ ਕਾਨੂੰਨੀ ਕਮਾਈ ਦਾ ਪੈਸਾ ਗਲਤ ਤਰੀਕੇ ਨਾਲ ਦੇਸ਼ ਤੋਂ ਬਾਹਰ ਭੇਜਣ ਦਾ ਦੋਸ਼ ਹੈ। ਦੋਸ਼ ਪੱਤਰ ਵਿੱਚ ਇਨ੍ਹਾਂ ਸਭ ਨੂੰ ਸਜ਼ਾ ਦਿੱਤੇ ਜਾਣ ਅਤੇ ਇਨ੍ਹਾਂ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਦੇਣ ਦੀ ਮੰਗ ਕੀਤੀ ਗਈ ਹੈ। ਈ ਡੀ ਦਾ ਕੇਸ ਸੀ ਬੀ ਆਈ ਵੱਲੋਂ ਦਰਜ ਸ਼ਿਕਾਇਤ ਉੱਤੇ ਆਧਾਰਤ ਹੈ। ਸੀ ਬੀ ਆਈ ਇਸ ਕੇਸ ਵਿੱਚ ਪਹਿਲਾਂ ਹੀ ਮਹੇਸ਼, ਸਿੰਗਲਾ, ਗੋਇਲ ਅਤੇ ਸੱਤ ਹੋਰਨਾਂ ਦੇ ਖਿਲਾਫ ਦੋਸ਼ ਪੱਤਰ ਦਾਖਲ ਕਰ ਚੁੱਕੀ ਹੈ। ਇਸ ਕੇਸ ਵਿੱਚ ਮਹੇਸ਼ ਕੁਮਾਰ ਦੇ ਨਾਲ ਗੋਇਲ ਨੂੰ ਵੀ ਰੇਲਵੇ ਬੋਰਡ ਦਾ ਮੈਂਬਰ (ਇਲੈਕਟ੍ਰੀਕਲ) ਬਣਾਉਣ ਦੇ ਲਈ ਸੌਦੇਬਾਜ਼ੀ ਹੋਈ ਸੀ।

## ਦੱਖਣੀ ਅਫਰੀਕਾ ਵਿੱਚ ਭਾਰਤੀ ਮੂਲ ਦੇ ਆਜ਼ਾਦੀ ਘੁਲਾਟੀਆਂ ਦੀ ਯਾਦਗਾਰ

ਜੋਹਾਨਸਬਰਗ, 13 ਦਸੰਬਰ (ਪੋਸਟ ਬਿਊਰੋ)- ਦੱਖਣੀ ਅਫਰੀਕਾ ਵਿੱਚ ਤਿੰਨ ਭਾਰਤੀ ਮੂਲ ਦੇ ਆਜ਼ਾਦੀ ਘੁਲਾਟੀਆਂ ਸ਼ਿਰੀਸ਼ ਨਾਨਾਭਾਈ, ਰੇਗੀ ਵੰਦੇਅਰ ਅਤੇ ਇੰਦ੍ਰੇਸ਼ ਨਾਇਡੂ ਦੀ ਯਾਦ 'ਚ ਯਾਦਗਾਰ ਬਣਾਈ ਗਈ ਹੈ।

ਨਸਲਵਾਦ ਦੇ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਰੇਗੀ ਵੰਦੇਅਰ ਦਾ 84 ਸਾਲ ਦੀ ਉਮਰ ਵਿੱਚ ਸਾਲ 2015 ਵਿੱਚ ਦਿਹਾਂਤ ਹੋ ਗਿਆ ਸੀ, ਜਦੋਂਕਿ ਨਾਨਾਭਾਈ ਅਤੇ ਨਾਇਡੂ ਦਾ ਕ੍ਰਮਵਾਰ 78 ਅਤੇ 80 ਸਾਲ ਦੀ ਉਮਰ ਵਿੱਚ ਸਾਲ 2016 ਵਿੱਚ ਦਿਹਾਂਤ ਹੋਇਆ ਸੀ। ਗੈਰ ਸਰਕਾਰੀ ਸੰਗਠਨ ਅਹਿਮਦ ਕਠਰਾਡਾ ਫਾਊਂਡੇਸ਼ਨ (ਏ ਕੇ ਐਫ) ਨੇ ਵੈਸਟ ਪਾਰਟ 'ਚ ਦੱਖਣੀ ਅਫਰੀਕਾ ਦੇ ਕ੍ਰਾਂਤੀਕਾਰੀ ਨੇਤਾ ਲਾਲੂ 'ਇਸੂ' ਚੀਬਾ ਦੇ ਸਮਾਧੀ ਸਥਾਨ 'ਤੇ ਤਿੰਨਾਂ ਨੇਤਾਵਾਂ ਦੀ ਯਾਦ ਵਿੱਚ ਯਾਦਗਾਰ ਬਣਾਈ ਹੈ।

# ਫਾਈਜ਼ਰ ਤੇ ਮਾਡਰਨਾ ਦੀ ਕੋਰੋਨਾ ਵੈਕਸੀਨ ਪੂਰੀ ਸੁਰੱਖਿਅਤ: ਟਰੰਪ

ਵਾਸ਼ਿੰਗਟਨ, 13 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਵਾਈ ਨਿਰਮਾਤਾ ਕੰਪਨੀ ਫਾਈਜ਼ਰ ਅਤੇ ਮਾਡਰਨਾ ਦੀ ਕੋਰੋਨਾ ਵੈਕਸੀਨ ਨੂੰ ਸੁਰੱਖਿਅਤ ਅਤੇ ਕਾਰਗਰ ਦੱਸਦੇ ਹੋਏ ਕਿਹਾ ਹੈ ਕਿ ਦੇਸ਼ ਦੇ ਖੁਰਾਕ ਅਤੇ ਡਰੱਗ ਪ੍ਰਸ਼ਾਸਨ ਵਿਭਾਗ (ਐਫ ਡੀ ਏ) ਨੇ ਫਾਈਜ਼ਰ ਵੱਲੋਂ ਵਿਕ-ਸਿਤ ਕੀਤੀ ਗਈ ਕੋਰੋਨਾ ਵੈਕਸੀਨ ਦੀ ਹੰਗਾਮੀ ਹਾਲਤ ਵਿੱਚ ਵਰਤੋਂ ਨੂੰ ਮਨਜ਼ੂਰੀ ਦੇ ਦਿੱਤੀ ਹੈ।




ਡੋਨਾਲਡ ਟਰੰਪ ਨੇ ਟੈਲੀਵਿਜ਼ਨ 'ਤੇ ਆਪਣੇ ਸੰਬੋਧਨ ਵਿੱਚ ਇਸ ਦੀ ਜਾਣਕਾਰੀ ਦਿੰਦੇ ਹੋਏ ਕਿਹਾ, "ਅੱਜ ਸਾਡੇ ਦੇਸ਼ ਨੇ ਮੈਡੀਕਲ ਵਿਗਿਆਨ ਦੇ ਖੇਤਰ ਵਿੱਚ ਚਮਤਕਾਰ ਕਰ ਦਿਖਾਇਆ ਹੈ। ਅਸੀਂ ਕੇਵਲ 9 ਮਹੀਨਿਆਂ ਦੇ ਅੰਦਰ ਹੀ ਇੱਕ ਸੁਰੱਖਿਅਤ ਅਤੇ ਕਾਰਗਰ ਵੈਕਸੀਨ ਤਿਆਰ ਕਰ ਲਈ ਹੈ। ਇਸ ਨੂੰ ਇਤਿਹਾਸ ਵਿੱਚ ਸਰਬ ਸ੍ਰੇਸ਼ਠ ਵਿਗਿਆਨਕ ਪ੍ਰਾਪਤੀਆਂ ਵਿੱਚ ਗਿਣਿਆ ਜਾਏਗਾ। ਇਸ ਵੈਕਸੀਨ ਨਾਲ ਲੱਖਾਂ ਲੋਕਾਂ ਦੀ ਜ਼ਿੰਦਗੀ ਬਚੇਗੀ ਅਤੇ ਜਲਦੀ ਹੀ ਮਹਾਮਾਰੀ ਖਤਮ ਹੋ ਜਾਏਗੀ। ਮੈਨੂੰ ਇਹ ਦੱਸਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਐਫ ਡੀ ਏ ਨੇ ਫਾਈਜ਼ਰ ਦੀ ਕੋਰੋਨਾ ਵੈਕਸੀਨ ਦੀ ਹੰਗਾਮੀ ਹਾਲਤ ਵਿੱਚ ਵਰਤੋਂ ਨੂੰ ਮਨਜ਼ੂਰੀ ਦੇ ਦਿੱਤੀ ਹੈ।" ਡੋਨਾਲਡ ਟਰੰਪ ਨੇ ਕਿਹਾ, "ਫਾਈਜ਼ਰ ਅਤੇ ਮਾਡਰਨਾ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਕੋਰੋਨਾ ਵੈਕਸੀਨ 95 ਫੀਸਦੀ ਤੱਕ ਕਾਰਗਰ ਹੈ, ਜੋ ਉਮੀਦ ਤੋਂ ਕਿਤੇ ਜ਼ਿਆਦਾ ਹੈ। ਇਹ ਦੋਵੇਂ ਵੈਕਸੀਨਾਂ ਕਾਫੀ ਸੁਰੱਖਿਅਤ ਵੀ ਮੰਨੀ ਜਾ ਰਹੀਆਂ ਹਨ। ਵੈਕਸੀਨ ਦੇ ਕਲੀਨੀਕਲ ਟੈਸਟ ਵਿੱਚ ਹਿੱਸਾ ਲੈਣ ਵਾਲੇ ਲੋਕਾਂ 'ਤੇ ਇਸ ਦਾ ਕੋਈ ਗੰਭੀਰ ਉਲਟਾ ਅਸਰ ਨਹੀਂ ਪਿਆ ਹੈ।"

# ਏਅਰ ਇੰਡੀਆ ਨੂੰ ਬ੍ਰਿਟੇਨ ਦੀ ਅਦਾਲਤ ਨੇ ਰਾਹਤ ਦਿੱਤੀ

*** 17.6 ਮਿਲੀਅਨ ਡਾਲਰ ਦੇ ਬਕਾਏ ਦੇ ਭੁਗਤਾਨ ਲਈ ਸਮਾਂ ਦਿਤਾ**

ਲੰਡਨ, 13 ਦਸੰਬਰ (ਪੋਸਟ ਬਿਊਰੋ)- ਸੰਕਟ ਨਾਲ ਜੂਝ ਰਹੀ ਸਰਕਾਰੀ ਏਅਰਲਾਈਨ ਏਅਰ ਇੰਡੀਆ ਨੂੰ ਬ੍ਰਿਟੇਨ 'ਚ ਕੁਝ ਰਾਹਤ ਮਿਲੀ ਹੈ। ਬ੍ਰਿਟੇਨ ਦੀ ਇੱਕ ਅਦਾਲਤ ਨੇ ਏਅਰ ਇੰਡੀਆ ਨੂੰ 17.6 ਮਿਲੀਅਨ ਡਾਲਰ ਦੇ ਬਕਾਏ ਦੇਣ ਦੇ ਲਈ ਜਨਵਰੀ ਤੱਕ ਦਾ ਹੋਰ ਸਮਾਂ ਦੇ ਦਿੱਤਾ ਹੈ।



ਏਅਰ ਇੰਡੀਆ ਨੇ ਏਅਰਕਰਾਫਟ ਲੀਜ਼ ਦੀ ਪੇਮੈਂਟ ਕਰਨੀ ਹੈ। ਜੱਜ ਨੇ ਕੰਪਨੀ ਦੀ ਇਸ ਦਲੀਲ ਨੂੰ ਸਵੀਕਾਰ ਕਰ ਲਿਆ ਕਿ ਕੋਵਿਡ 19 ਲਾਕਡਾਊਨ ਕਾਰਨ ਜਹਾਜ਼ਾਂ ਦੀ ਆਪਰੇਟਿੰਗ ਨਹੀਂ ਹੋ ਸਕੀ, ਜਿਸ ਦੇ ਨਾਲ ਕੰਪਨੀ ਦੀ ਆਰਥਿਕ ਸਥਿਤੀ ਖਰਾਬ ਹੋਈ ਹੈ। ਜੱਜ ਸਾਈਮਨ ਸਾਲਦੇਜੋ ਨੇ ਇਸ ਗੱਲ ਲਈ ਏਅਰ ਇੰਡੀਆ ਦੀ ਖਿਚਾਈ ਕੀਤੀ ਕਿ ਉਸ ਨੇ ਸਮੇਂ ਸਿਰ ਕੰਮ ਨਹੀਂ ਕੀਤਾ। ਏਅਰ ਇੰਡੀਆ 'ਤੇ ਚਾਈਨਾ ਏਅਰਕਰਾਫਟ ਲੀਜ਼ਿੰਗ ਕੰਪਨੀ ਲਿਮਟਿਡ ਦਾ 17.6 ਮਿਲੀਅਨ ਡਾਲਰ ਬਕਾਇਆ ਹੈ। ਜੱਜ ਨੇ ਕੰਪਨੀ ਨੂੰ 11 ਜਨਵਰੀ 2021 ਤੱਕ ਇਸ ਦਾ ਭੁਗਤਾਨ ਕਰਨ ਦਾ ਆਦੇਸ਼ ਦਿੱਤਾ।ਏਅਰ ਇੰਡੀਆ ਨੂੰ ਇਹ ਰਾਹਤ ਇਸ ਸ਼ਰਤ 'ਤੇ ਦਿੱਤੀ ਗਈ ਹੈ ਕਿ ਉਹ ਦਸੰਬਰ ਲਈ ਪੰਜ ਮਿਲੀਅਨ ਡਾਲਰ ਦਾ ਭੁਗਤਾਨ ਕਰੇਗੀ। ਚੀਨ ਦੀ ਕੰਪਨੀ ਦੇ ਵਕੀਲ ਨੇ ਤੁਰੰਤ ਭੁਗਤਾਨ ਦੀ ਮੰਗ ਕੀਤੀ ਸੀ, ਪਰ ਏਅਰ ਇੰਡੀਆ ਨੇ ਕਿਹਾ ਕਿ ਉਹ ਇਸ ਸਮੇਂ ਭੁਗਤਾਨ ਕਰਨ ਦੀ ਸਥਿਤੀ ਵਿੱਚ ਨਹੀਂ। ਕੰਪਨੀ ਨੇ 29 ਜਨਵਰੀ ਤੱਕ ਦਾ ਸਮਾਂ ਮੰਗਿਆ, ਪਰ ਜੱਜ ਨੇ ਉਸ ਨੂੰ 11 ਜਨਵਰੀ ਤੱਕ ਦਾ ਸਮਾਂ ਦਿੱਤਾ। ਸਰਕਾਰੀ ਕੰਪਨੀ 'ਚ ਆਪਣੀ ਪੂਰੀ ਹਿੱਸੇਦਾਰੀ ਵੇਚਣਾ ਚਾਹੁੰਦੀ ਹੈ, ਪਰ ਲੰਮੇ ਸਮੇਂ ਤੋਂ ਉਸ ਨੂੰ ਇਸ ਲਈ ਸਹੀ ਖਰੀਦਦਾਰ ਨਹੀਂ ਮਿਲ ਰਿਹਾ ਹੈ।

## ਵਿਜੇ ਮਾਲਿਆ ਵੱਲੋਂ ਫਰਾਂਸ ਵਿੱਚ ਜਾਇਦਾਦ ਵਿਕਰੀ ਦੇ ਪੈਸੇ ਲੈਣ ਲਈ ਯੂ ਕੇ ਅਦਾਲਤ ਨੂੰ ਅਪੀਲ

ਲੰਡਨ, 13 ਦਸੰਬਰ (ਪੋਸਟ ਬਿਊਰੋ)- ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੇ ਬ੍ਰਿਟੇਨ ਦੀ ਇੱਕ ਅਦਾਲਤ 'ਚ ਅਰਜ਼ੀ ਦੇ ਕੇ ਆਪਣੇ ਰਹਿਣ-ਸਹਿਣ ਦੇ ਖਰਚਿਆਂ ਤੇ ਕਾਨੂੰਨੀ ਫੀਸਾਂ ਦਾ ਭੁਗਤਾਨ ਕਰਨ ਲਈ ਕਾਨੂੰਨੀ ਕੰਟਰੋਲ ਅਧੀਨ ਪਏ ਕਈ ਲੱਖ ਪੌਂਡ ਦੀ ਰਾਸ਼ੀ 'ਚੋਂ ਕੁਝ ਪੈਸੇ ਕਢਵਾਉਣ ਦੀ ਛੋਟ ਲਈ ਬੇਨਤੀ ਕੀਤੀ ਹੈ। ਮਾਲਿਆ ਖਿਲਾਫ ਸਟੇਟ ਬੈਂਕ ਆਫ ਇੰਡੀਆ ਦੀ ਅਗਵਾਈ ਵਾਲੇ ਬੈਂਕਾਂ ਦੀ ਇਨਸੋਲਵੈਂਸੀ ਕਾਰਨ ਇਹ ਪੈਸਾ ਅਦਾਲਤ ਦੇ ਕਬਜ਼ੇ ਵਿੱਚ ਹੈ।



ਮਾਲਿਆ ਦੀ ਫਰਾਂਸ ਵਿੱਚ ਇੱਕ ਆਲੀਸ਼ਾਨ ਜਾਇਦਾਦ ਲੇ ਗ੍ਰੈਂਡ ਜਾਰਡਿਨ ਦੀ ਵਿਕਰੀ ਤੋਂ ਮਿਲੀ ਰਕਮ ਕੋਰਟ 'ਚ ਜਮ੍ਹਾਂ ਹੈ। ਇਨਸੋਲਵੈਂਸੀ ਕੇਸਾਂ ਦੀ ਹੇਠਲੀ ਅਦਾਲਤ ਦੇ ਜੱਜ ਕੌਬਰਟ ਸ਼ੈਫਰ ਨੇ ਮਾਲਿਆ ਨੂੰ ਅਦਾਲਤ ਵਿੱਚ ਜਮ੍ਹਾਂ ਪੈਸੇ 'ਚੋਂ ਆਪਣੇ ਖਰਚਿਆਂ ਲਈ ਪੈਸੇ ਕਢਵਾਉਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਕੋਲ ਕਰੀਬ 15 ਲੱਖ ਪੌਂਡ ਜਮ੍ਹਾਂ ਹਨ। ਅਦਾਲਤ ਨੇ ਅਗਲੇ ਹਫਤੇ ਸ਼ੁੱਕਰਵਾਰ ਨੂੰ ਦੀਵਾਲੀਆਪਣ ਦੇ ਕੇਸ 'ਚ ਸੁਣਵਾਈ ਦੇ ਵਿਸਥਾਰ ਸਹਿਤ ਖਰਚਿਆਂ ਲਈ 2,40,000 ਪੌਂਡ ਜਮਾਂ ਵੈਟ ਰਾਸ਼ੀ ਜਾਰੀ ਕਰਨ ਦੀ ਆਗਿਆ ਦੇ ਦਿੱਤੀ ਹੈ।

ਵਿਜੇ ਮਾਲਿਆ ਦੇ ਵਕੀਲ ਫਿਲਿਪ ਮਾਰਸ਼ਲ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੇ ਮੁਵੱਕਲ ਨੂੰ ਪੈਸੇ ਦੀ ਜ਼ਰੂਰਤ ਸੀ। ਉਸ ਨੂੰ ਅਦਾਲਤ ਕੋਲ ਜਮ੍ਹਾਂ ਪੈਸੇ ਲਈ ਪਹੁੰਚ ਹੋਣੀ ਚਾਹੀਦੀ ਹੈ ਤਾਂ ਜੋ ਉਹ ਆਪਣੇ ਰੋਜ਼ਾਨਾ ਖਰਚਿਆਂ ਅਤੇ ਕਾਨੂੰਨੀ ਖਰਚਿਆਂ ਨੂੰ ਕਰ ਸਕੇ।

## ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੇ ਅਸਤੀਫ਼ੇ ਦਾ ਮੁੱਦਾ ਚਰਚਾ 'ਚ

ਲਾਹੌਰ, 13 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀਆਂ ਕੁਝ ਉਰਦੂ ਅਖ਼ਬਾਰਾਂ 'ਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਦੇ ਹਵਾਲੇ ਨਾਲ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੀਆਂ ਖ਼ਬਰਾਂ ਨੂੰ ਗੁਰਦੁਆਰਾ ਕਮੇਟੀ ਨੇ ਅਫ਼ਵਾਹ ਅਤੇ ਨਿਰਾਧਾਰ ਦੱਸ ਕੇ ਉਨ੍ਹਾਂ ਦਾ ਖੰਡਨ ਕੀਤਾ ਹੈ।

ਕਿਸੇ ਧਾਰਮਿਕ ਸਮਾਗਮ 'ਚ ਸ਼ਿਰਕਤ ਕਰਨ ਸੂਬਾ ਸਿੰਧ ਦੇ ਕਾਸ਼ਮੋਰ ਲਈ ਰਵਾਨਾ ਹੋਏ ਸਤਵੰਤ ਸਿੰਘ ਨੇ ਉਥੋਂ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਪਾਕਿਸਤਾਨ 'ਚ ਰਹਿੰਦੇ ਕੁਝ ਸ਼ਰਾਰਤੀ ਅਨਸਰ ਪੀ ਐਸ ਜੀ ਪੀ ਸੀ ਦੀ ਲਗਾਤਾਰ ਬਿਹਤਰ ਬਣ ਰਹੀ ਇਮੇਜ ਨੂੰ ਢਾਹ ਲਾਉਣੀ ਚਾਹੁੰਦੇ ਹਨ। ਇਸ ਲਈ ਉਹ ਪਾਕਿਸਤਾਨੀ ਮੀਡੀਆ ਤੋਂ ਇਸ ਬਾਰੇ ਝੂਠੀਆਂ ਅਤੇ ਬੇਬੁਨਿਆਦ ਖ਼ਬਰਾਂ ਛਪਵਾ ਅਤੇ ਅਫ਼ਵਾਹਾਂ ਫੈਲਾ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜਦ ਤੱਕ ਉਨ੍ਹਾਂ ਦੀ ਕਮੇਟੀ ਦਾ 'ਟਰਨ ਓਵਰ' ਖ਼ਤਮ ਨਹੀਂ ਹੁੰਦਾ, ਉਹ ਕਮੇਟੀ ਪ੍ਰਧਾਨ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਜਾਰੀ ਰੱਖਣਗੇ।

ਉਧਰ ਸ੍ਰੀ ਨਨਕਾਣਾ ਸਾਹਿਬ ਤੋਂ ਕੁਝ ਸਥਾਨਕ ਸਿੱਖ ਆਗੂਆਂ ਨੇ ਕਿਹਾ ਕਿ ਪੀ ਐਸ ਜੀ ਪੀ ਸੀ ਪ੍ਰਧਾਨ ਸਤਵੰਤ ਸਿੰਘ ਨੇ ਆਪਣੇ ਰੁਝੇਵਿਆਂ ਦਾ ਹਵਾਲਾ ਦੇ ਕੇ ਕਿਹਾ ਸੀ ਕਿ ਉਹ ਆਪਣੇ ਕਾਰੋਬਾਰ ਦਾ ਧਿਆਨ ਕਰਨ ਲਈ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਰਹੇ ਹਨ। ਜਲਦੀ ਬਾਅਦ ਉਨ੍ਹਾਂ ਆਪਣੇ ਪਹਿਲਾਂ ਕੀਤੇ ਐਲਾਨ ਤੋਂ 'ਯੂ-ਟਰਨ' ਲੈਂਦਿਆਂ ਕਿਹਾ ਕਿ ਉਹ ਸੰਗਤ ਅਤੇ ਗੁਰਦੁਆਰਾ ਸਾਹਿਬਾਨ ਦੀ ਸੇਵਾ ਹਿਤ ਆਪਣੇ ਅਹੁਦੇ 'ਤੇ ਬਣੇ ਰਹਿਣਗੇ। ਪੀ ਐਸ ਜੀ ਪੀ ਸੀ ਦੇ ਹੋਰਨਾਂ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੀ ਇਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਹੈ।

# ਅਫਗਾਨਿਸਤਾਨ ਵਿੱਚ ਹਵਾਈ ਹਮਲੇ ਵਿੱਚ 90 ਅੱਤਵਾਦੀ ਮਾਰੇ

ਕੰਧਾਰ, 13 ਦਸੰਬਰ (ਪੋਸਟ ਬਿਊਰੋ)- ਲਗਾਤਾਰ ਵਾਰਤਾ ਤੇ ਸੁਲਾਹ ਦੇ ਯਤਨਾਂ ਪਿੱਛੋਂ ਵੀ ਅਫਗਾਨਿਸਤਾਨ ਵਿੱਚ ਹਿੰਸਾ ਘੱਟ ਨਾ ਹੋਣ 'ਤੇ ਅਮਰੀਕਾ ਨੇ ਹਵਾਈ ਹਮਲੇ ਕੀਤੇ ਹਨ। ਇਨ੍ਹਾਂ ਹਮਲਿਆਂ ਦੇ ਦੌਰਾਨ ਨੱਬੇ ਤਾਲਿਬਾਨੀ ਅੱਤਵਾਦੀ ਮਾਰੇ ਗਏ। ਅਮਰੀਕੀ ਫੌਜ ਨੇ ਇਨ੍ਹਾਂ ਹਵਾਈ ਹਮਲਿਆਂ ਦੀ ਪੁਸ਼ਟੀ ਕੀਤੀ ਹੈ। ਅਮਰੀਕਾ-ਤਾਲਿਬਾਨ ਸਮਝੌਤੇ ਪਿੱਛੋਂ ਇਹ ਪਹਿਲੀ ਵੱਡੀ ਕਾਰਵਾਈ ਹੈ ਅਤੇ ਅੱਗੇ ਹੋਰ ਹੋਣ ਦੀ ਸੰਭਾਵਨਾ ਹੈ।



ਕੱਲ੍ਹ ਕੰਧਾਰ ਸੂਬੇ ਦੇ ਝਾਰੀ ਜ਼ਿਲ੍ਹੇ ਵਿੱਚ ਅਫਗਾਨ ਫੌਜ ਦੀ ਇੱਕ ਜਾਂਚ ਚੌਕੀ 'ਤੇ ਤਾਲਿਬਾਨੀ ਅੱਤਵਾਦੀਆਂ ਨੇ ਵੱਡਾ ਹਮਲਾ ਕੀਤਾ ਸੀ। ਇਸ ਹਮਲੇ ਨੂੰ ਨਾਕਾਮ ਕਰਨ ਲਈ ਅਮਰੀਕਾ ਨੇ ਹਵਾਈ ਹਮਲੇ ਕੀਤੇ। ਅਫਗਾਨਿਸਤਾਨ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਹਮਲੇ ਵਿੱਚ ਨੱਬੇ ਤਾਲਿਬਾਨੀ ਅੱਤਵਾਦੀ ਮਾਰ ਦਿੱਤੇ ਗਏ ਹਨ। ਤਾਲਿਬਾਨ ਨੇ ਕੰਧਾਰ ਦੇ ਪੰਜਵਾਨ, ਝਾਰੀ, ਅਰਘਰਦਾਵ ਤੇ ਮੇਵਾਂਡ ਜ਼ਿਲ੍ਹਿਆਂ ਵਿੱਚ ਹਮਲਾ ਕੀਤਾ ਸੀ। ਇਸ ਹਮਲੇ ਪਿੱਛੋਂ 15 ਬਾਰੂਦੀ ਸੁਰੰਗਾਂ ਨਕਾਰਾ ਕੀਤੀਆਂ ਹਨ। ਅਮਰੀਕੀ ਫੌਜ ਦੇ ਬੁਲਾਰੇ ਕਰਨਲ ਸੋਨੀ ਨੇ ਟਵਿੱਟਰ 'ਤੇ ਹਵਾਈ ਹਮਲਾ ਕਰਨ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਅੱਤਵਾਦੀਆਂ ਨੇ ਝਾਰੀ ਜ਼ਿਲ੍ਹੇ ਵਿੱਚ ਅਫਗਾਨ ਫੌਜ ਦੀ ਚੌਕੀ 'ਤੇ ਹਮਲਾ ਕੀਤਾ ਸੀ, ਉਸ ਪਿੱਛੋਂ ਹਵਾਈ ਹਮਲੇ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਹਮਲੇ ਅਮਰੀਕਾ-ਅਫਗਾਨ ਸਮਝੌਤੇ ਤਹਿਤ ਹੀ ਕੀਤੇ ਗਏ ਹਨ। ਫੌਜ ਦੇ ਬੁਲਾਰੇ ਨੇ ਤਾਲਿਬਾਨ ਦੇ ਉਸ ਦਾਅਵੇ ਦਾ ਖੰਡਨ ਕੀਤਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਹਵਾਈ ਹਮਲੇ ਨਾਗਰਿਕ ਖੇਤਰ ਵਿੱਚ ਕੀਤੇ ਗਏ।

## ਆਸਟਰੇਲੀਆ ਵੱਲੋਂ ਅੰਤਰਰਾਸ਼ਟਰੀ ਯਾਤਰਾ ਦੀ ਪਾਬੰਦੀ ਮਾਰਚ 2021 ਤੱਕ ਲਾਗੂ

ਬ੍ਰਿਸਬੇਨ, 13 ਦਸੰਬਰ (ਪੋਸਟ ਬਿਊਰੋ)- ਕੋਵਿਡ 19 ਮਹਾਮਾਰੀ ਦੇ ਕਾਰਨ ਆਸਟਰੇਲੀਆਈ ਫੈਡਰਲ ਸਰਕਾਰ ਨੇ ਆਪਣੀਆਂ ਨੀਤੀਆਂ ਵਿੱਚ ਹੋਰ ਸਖਤੀ ਕਰਦਿਆਂ ਆਪਣੇ ਨਾਗਰਿਕਾਂ ਅਤੇ ਸਥਾਈ ਵਾਸੀਆਂ ਨੂੰ ਅਗਲੇ ਸਾਲ ਮਾਰਚ ਦੇ ਅੱਧ ਤੱਕ ਦੇਸ਼ ਤੋਂ ਬਾਹਰ ਦੀ ਯਾਤਰਾ ਕਰਨ ਤੋਂ ਵਰਜਿਆ ਹੈ।

ਵਰਨਣ ਯੋਗ ਹੈ ਕਿ ਦੇਸ਼ ਤੋਂ ਬਾਹਰ ਜਾਣ ਲਈ ਅੰਤਰਰਾਸ਼ਟਰੀ ਯਾਤਰਾ 'ਤੇ ਇਹ ਪਾਬੰਦੀ 18 ਮਾਰਚ 2020 ਤੋਂ ਲਾਗੂ ਹੋਈ ਸੀ, ਜਿਸ ਦੀ ਮਿਆਦ 17 ਦਸੰਬਰ ਨੂੰ ਖਤਮ ਹੋਣ ਵਾਲੀ ਸੀ, ਪਰ ਇਸ ਨੂੰ 17 ਮਾਰਚ 2021 ਤੱਕ ਵਧਾ ਦਿੱਤਾ ਗਿਆ ਹੈ।ਫੈਡਰਲ ਸਰਕਾਰ ਦਾ ਮੰਨਣਾ ਹੈ ਕਿ ਇਸ ਸਮੇਂ ਨੂੰ ਵਧਾਉਣ ਦਾ ਫੈਸਲਾ ਨਾਗਰਿਕਾਂ ਦੀ ਭਵਿੱਖੀ ਸਿਹਤ ਸੁਰੱਖਿਆ ਅਤੇ ਬਾਹਰੀ ਦੇਸ਼ਾਂ ਵਿੱਚ ਕੋਰੋਨਾ ਵਾਇਰਸ ਮਰੀਜ਼ਾਂ ਦੀ ਵਧਦੀ ਗਿਣਤੀ ਦਾ ਧਿਆਨ ਰੱਖ ਕੇ ਕੀਤਾ ਹੈ। ਮੌਜੂਦਾ ਯਾਤਰਾ ਦੀਆਂ ਪਾਬੰਦੀਆਂ ਹੇਠ ਆਸਟਰੇਲੀਅਨ ਨਾਗਰਿਕ ਤੇ ਸਥਾਈ ਵਸਨੀਕ ਉਦੋਂ ਤੱਕ ਦੇਸ਼ ਨਹੀਂ ਛੱਡ ਸਕਦੇ, ਜਦੋਂ ਤੱਕ ਉਨ੍ਹਾਂ ਨੂੰ ਆਸਟਰੇਲੀਅਨ ਬਾਰਡਰ ਫੋਰਸ (ਏ ਬੀ ਐਫ) ਤੋਂ ਮਨਜ਼ੂਰੀ ਨਹੀਂ ਮਿਲਦੀ ਅਤੇ ਵਿਭਾਗ ਵੱਲੋਂ ਇਸ ਯਾਤਰਾ ਲਈ ਮਨਜ਼ੂਰੀ ਬਹੁਤ ਮੁਸ਼ਕਲ ਹਾਲਾਤ ਵਿੱਚ ਮਿਲਦੀ ਹੈ। ਸਿਰਫ ਵਿਸ਼ੇਸ਼ ਹਾਲਾਤਾਂ ਜਿਵੇਂ ਪਰਵਾਰ 'ਚ ਮੌਤ, ਕਾਰੋਬਾਰ, ਡਾਕਟਰੀ ਇਲਾਜ, ਤਰਸਵਾਨ ਜਾਂ ਮਨੁੱਖਤਾਵਾਦੀ ਆਧਾਰ, ਰਾਸ਼ਟਰੀ ਹਿੱਤ ਜਾਂ ਤੁਸੀਂ ਤਿੰਨ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਆਸਟਰੇਲੀਆ ਤੋਂ ਬਾਹਰ ਯਾਤਰਾ ਕਰਦੇ ਹੋ ਤਾਂ ਯਾਤਰਾ ਲਈ ਮਨਜ਼ੂਰੀ ਮਿਲ ਸਕਦੀ ਹੈ।

# ਏਅਰਪੋਰਟ ਉਤੇ ਰਹਿ ਗਈ ਢਾਈ ਕਰੋੜ ਦੀ ਪੇਂਟਿੰਗ

ਬਰਲਿਨ, 13 ਦਸੰਬਰ (ਪੋਸਟ ਬਿਊਰੋ)- ਇੱਕ ਕਾਰੋਬਾਰੀਆਦਮੀ ਜਰਮਨੀ ਦੇ ਏਅਰਪੋਰਟ 'ਤੇ ਫਰਾਂਸੀਸੀ ਡਾਕਟਰ ਅਤੇ ਮੈਡੀਕਲ ਦੇ ਵਿਦਵਾਨ ਯਵੇਸ ਟੰਗੂ ਦੀ ਬੇਹੱਦ ਕੀਮਤੀ ਪੇਂਟਿੰਗ ਭੁੱਲ ਗਿਆ। ਏਅਰਪੋਰਟ ਉਤੇ ਉਸ ਨੂੰ ਸਾਫ ਸਫਾਈ ਕਰਨ ਵਾਲਿਆਂ ਨੇ ਕੂੜਾ ਸਮਝਕੇ ਡਸਟਬਿਨ ਵਿੱਚ ਸੁੱਟ ਦਿੱਤਾ।

ਵਰਨਣ ਯੋਗ ਹੈ ਕਿ ਉਹ ਕੋਈ ਮਾਮੂਲੀ ਪੇਂਟਿੰਗ ਨਹੀਂ ਸੀ ਤੇ ਉਸ ਦੀ ਕੀਮਤ ਕਰੀਬ 2,50,71,022 ਰੁਪਏ ਹੋ ਸਕਦੀ ਸੀ। ਜਦ ਕਾਰੋਬਾਰੀ ਫਰਾਂਸੀਸੀ ਸਰਜਨ ਯਵੇਸ ਟੰਗੂ ਦੀ ਪੇਂਟਿੰਗ ਲੈ ਕੇ ਇਜ਼ਰਾਈਲ ਜਾਣ ਦੇ ਲਈ ਡਸੇਲਡੋਰਫ ਹਵਾਈ ਅੱਡੇ ਪੁਜਾਤੇ ਜਹਾਜ਼ ਵਿੱਚ ਸਵਾਰ ਹੋਣ ਗਿਆ ਤਾਂ ਉਹ ਉਸ ਨੂੰ ਚੈਕ ਇਨ ਕਾਊਂਟਰ 'ਤੇ ਭੁੱਲ ਗਿਆ। ਉਸ ਨੂੰ ਜਦ ਤੱਕ ਇਹ ਮਹਿਸੂਸ ਹੋਇਆ ਕਿ ਪੇਂਟਿੰਗ ਨਾਲ ਲਈ ਹੀ ਨਹੀਂ, ਤਦ ਤੱਕ ਜਹਾਜ਼ ਉਡਾਣ ਭਰ ਚੁੱਕਾ ਸੀ। ਬੇਹੱਦ ਮਹਿੰਗੀ ਪੇਂਟਿੰਗ ਫਲੈਟ ਕਾਰਡਬੋਰਡ ਬਾਕਸ ਵਿੱਚ ਪੈਕ ਕੀਤੀ ਗਈ ਸੀ। ਇਜ਼ਰਾਈਲ ਵਿੱਚ ਉਤਰਨ 'ਤੇ ਉਨ੍ਹਾਂ ਨੇ ਪੱਛਮੀ ਜਰਮਨ ਸ਼ਹਿਰ ਡਸੇਲਡੋਰਫ ਵਿੱਚ ਪੁਲਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤੇ ਪੇਂਟਿੰਗ ਨਾਲ ਸਬੰਧਤ ਕਈ ਈ-ਮੇਲ ਭੇਜੇ। ਕਾਫੀ ਲੱਭਣ ਦੇ ਬਾਅਦ ਵੀ ਪੇਂਟਿੰਗ ਕਿਤੇ ਨਹੀਂ ਮਿਲੀ। ਇੰਸਪੈਕਟਰ ਮਾਈਕਲ ਡਿਟਜ ਨੇ ਹਵਾਈ ਅੱਡੇ ਦੇ ਡਸਟਬਿਨਾਂ ਨੂੰ ਚੰਗੀ ਤਰ੍ਹਾਂ ਨਾਲ ਲੱਭਣ ਦੇ ਬਾਅਦ ਕੂੜੇ 'ਚੋਂ ਪੇਂਟਿੰਗ ਨੂੰ ਬਰਾਮਦ ਕੀਤਾ। ਥੋੜ੍ਹੇ ਨੁਕਸਾਨ ਦੇ ਨਾਲ ਜਰਮਨ ਪੁਲਸ ਨੇ ਉਸ ਨੂੰ ਬਚਾਉਣ ਵਿੱਚ ਕਾਮਯਾਬੀ ਹਾਸਲ ਕਰ ਲਈ ।

